

# ਅਹਿਸਾਸ ਏ ਮੁਹੱਬਤ

ਤਕਦੀਰ ਕੌਰ

# ਅਹਿਸਾਸ ਏ ਮੁਹੱਬਤ

## ਤਕਦੀਰ ਕੌਰ

ਇੰਸਟਾਗ੍ਰਾਮ : TAQDIR_KAUR_BAJWA

ਈਮੇਲ : TAQDIRKAUR75@GMAIL.COM

Published on: 01 October 2024

@taqdeer kaur
All rights reserved

www.punjabilibrary.com

# ਭੂਮਿਕਾ

ਮੁਹੱਬਤ' ਇੱਕ ਛੋਟਾ ਜਿਹਾ ਸ਼ਬਦ ਜਿਸ ਦਾ ਮਤਲਬ ਉਨ੍ਹਾਂ ਸਮਾਂ ਕਿਸੇ ਦੁਆਰਾ ਬਿਆਨ ਹੀ ਨਹੀਂ ਕੀਤਾ ਜਾ ਸਕਦਾ ਜਿਨ੍ਹੇ ਸਮੇ ਤੱਕ ਖੁਦ ਉਸ ਨੇ ਮੁਹੱਬਤ ਨੂੰ ਮਹਿਸੂਸ ਨਾ ਕੀਤਾ ਹੋਏ ਅਤੇ ਮੁਹੱਬਤ ਦੇ ਦਰਦ ਚੋ ਲੰਘਿਆ ਨਾ ਹੋਵੇ । ਬਿਨਾਂ ਇਸ ਨੂੰ ਮਹਿਸੂਸ ਕੀਤੇ ਤਾਂ ਸ਼ਾਇਦ ਹੀ ਕੋਈ ਇਸਦੇ ਗੁੱਝੇ ਭੇਦਾਂ ਨੂੰ ਸਮਝ ਸਕੇ ਕਿਉਂਕਿ 'ਮੁਹੱਬਤ ਜਿਸਮਾਂ ਦਾ ਨਹੀਂ,ਰੂਹਾਂ ਦਾ ਮੇਲ' ਹੈ।

ਇਸ ਦੀ ਪਰਿਭਾਸ਼ਾ ਵੀ ਹਰ ਕੋਈ ਆਪਣੇ ਅੰਦਰੂਨੀ ਭਾਵਾਂ ਅਨੁਸਾਰ ਬਿਆਨ ਕਰਦਾ ਹੈ ਕਿਉਂਕਿ ਹਰ ਕਿਸੇ ਦਾ ਆਪਣੇ ਮਹਿਬੂਬ ਨੂੰ ਦੇਖਣ ਦਾ ਨਜ਼ਰੀਆ ਅਲੱਗ ਅਲੱਗ ਹੁੰਦਾ ਹੈ । ਕੋਈ ਆਪਣੇ ਮਹਿਬੂਬ ਦੀ ਤੁਲਨਾ ਫੁੱਲਾਂ ਅਤੇ ਉਸਦੀ ਮਹਿਕ ਨਾਲ ਅਤੇ ਕੋਈ ਵਗਦੇ ਦਰਿਆਵਾਂ ਅਤੇ ਪੰਛੀਆਂ ਦੀ ਮਨਮੋਹਿਕ ਅਵਾਜ ਨਾਲ ਕਵਿਤਾ ਜਾਂ ਸ਼ਾਇਰੀ ਲਿਖ ਸ਼ਬਦਾਂ ਰਹੀ ਬਿਆਨ ਕਰਦਾ ਹੈ।

ਜੇ ਮੁਹੱਬਤ ਨੂੰ ਸਾਧਾਰਨ ਸ਼ਬਦਾਂ ਚ ਬਿਆਨ ਕਰੀਏ ਤਾਂ ਪੂਰਨ ਰੂਪ ਚ ਇੱਕ ਦੂਜੇ ਦੇ ਹੋ ਜਾਣਾ। ਮੈਂ ਨੂੰ ਛੱਡ ਬਸ ਤੂੰ ਹੀ ਤੂੰ ਆ ਜੋ ਆ। ਮਹਿਬੂਬ ਜਿਹੜੇ ਹਾਲਾਤਾਂ ਚ ਰੱਖੇ ,ਉਸ ਚ jਹੀ ਖੁਸ਼ ਰਹਿਣਾ।

ਮੁਹੱਬਤ ਕਦੇ ਵੀ ਅਮੀਰ-ਗਰੀਬ,ਉਮਰ,ਜਾਤ-ਪਾਤ ਅਤੇ ਰੰਗ ਰੂਪ ਦੀ ਮੋਹਤਾਜ ਨਹੀਂ ਹੁੰਦੀ। ਇਹ ਇੱਕ ਤਰ੍ਹਾਂ ਦੀ 'ਇਬਾਦਤ' ਹੈ ਜਿਵੇ ਇਨਸਾਨ ਦੁਆਰਾ ਪੂਰੀ ਸ਼ਰਧਾ ਭਾਵਨਾ ਨਾਲ ਪਰਮਾਤਮਾ ਦੀ ਬੰਦਗੀ ਕੀਤੀ ਜਾਂਦੀ ਹੈ। ਭਾਵੇ ਇਨਸਾਨ ਨੂੰ ਜਿੰਦਗੀ ਚ ਜਿੰਨੀਆਂ ਮਰਜੀ ਕਠਨਾਈਆਂ ਦਾ ਸਾਹਮਣਾ ਕਰਨਾ ਪਵੇ। ਕਿੰਨਾ ਹੀ ਗੁੱਸਾ ਅਤੇ ਸ਼ਕਾਇਤਾਂ ਹੋਣ ਪਰਮਾਤਮਾ ਨਾਲ । ਪਰ ਪ੍ਰਮਾਤਮਾ ਦੇ ਨਾਮ ਦੀ ਬੰਦਗੀ ਕਰਨਾ ਨਹੀਂ ਛੱਡਦਾ। ਬਸ ਓਵੇ ਹੀ ਮੁਹੱਬਤ ਹੈ ਜਿਸ ਨੂੰ ਪਿਆਰ ਕਰਦੇ ਹਾਂ ਉਸ ਨਾਲ ਹਰ ਚੰਗੇ ਮਾੜੇ ਹਾਲਤਾਂ ਦਾ ਡੱਟ ਕੇ ਸਾਹਮਣਾ ਕਰਨਾ ਪਰ ਕਦੇ ਹੱਥਾਂ ਚੋਂ ਹੱਥ ਛਡਾ ਪਿੱਛਾ ਨਹੀਂ ਦਿਖਾਉਂਣਾ।

ਮੁਹੱਬਤ ਬਾਰੇ ਹੋਰ ਵਿਚਾਰ ਕਰੀਏ ਤਾਂ ਇਹ ਇੱਕ ਤਰਾਂ ਦਾ ਪਾਕ ਅਹਿਸਾਸ ਹੈ ਜੋ ਇੱਕ ਇਨਸਾਨ ਦੂਸਰੇ ਇਨਸਾਨ ਲਈ ਮਹਿਸੂਸ ਕਰਦਾ ਹਾਂ। ਜੋ ਰੰਗ ਰੂਪ,ਪੈਸੇ ਨਾਲੋਂ ਜਿਆਦਾ ਇਨਸਾਨ ਦੀ ਸੀਰਤ ਦਾ ਮੁਹਤਾਜ਼ ਹੁੰਦਾ ਹੈ ।

ਜਦੋ ਮੁਹੱਬਤ- ਏ – ਅਹਿਸਾਸ ਹੁੰਦਾ ਹੈ ਤਾਂ ਮਹਿਬੂਬ ਤੇ ਚਿਹਰੇ ਤੋਂ ਹਸੀਨ ਚਿਹਰਾ ਕੋਈ ਨਹੀਂ ਲੱਗਦਾ ਭਾਵੇ ਹਜਾਰਾਂ ਸੁੰਦਰ ਚਿਹਰੇ ਕਿਓਂ ਨਾ ਸਾਹਮਣੇ ਆ ਜਾਣ। ਆਪਣੀਅ ਾਂ ਖੁਹਾਇਸ਼ਾਂ ਮਾਇਨੇ ਨਹੀਂ ਰੱਖਦੀਆਂ ਮਹਿਬੂਬ ਦੀ ਖੁਸ਼ੀ ਦੇ ਸਾਹਮਣੇ। ਮਹਿੰਗੇ ਗਿਫਟਾਂ ਦੀ ਜਗਾਹ ਛੋਟੇ ਛੋਟੇ ਪਲ ਜੋ ਮਹਿਬੂਬ ਨਾਲ ਬਿਤਾਉਂਦੇ ਹਾਂ,ਬੇਪਨਾਹ ਖੁਸ਼ੀ ਦੇਣ ਲੱਗ ਜਾਣ ਅਤੇ ਉਹ ਪਲ ਹੀਰੇ ਨਾਲੋਂ ਵੀ ਬੇਸ਼ੁਮਾਰ ਕੀਮਤੀ ਲੱਗਣ ਲੱਗ ਜਾਣ । ਦੇਖ ਕੇ

ਦਰਦ ਚ ਮਹਿਬੂਬ ਨੂੰ ,ਜਦੋ ਤੁਹਾਡੀਆਂ ਅੱਖਾਂ ਚੋ ਹੰਝੂ ਨਿੱਕਲ ਆਉਣ ਅਤੇ ਉਸਦੀ ਛੋਟੀ ਜਹੀ ਕਾਮਯਾਬੀ ਤੁਹਾਡੇ ਲਈ ਬਹੁਤ ਵੱਡੀ ਉਪਲੱਬਧੀ ਬਣ ਜਾਵੇ,ਬਸ ਓਹੀ ਹੈ

“ਅਹਿਸਾਸ -ਏ-ਮੋਹੱਬਤ”

ਪਰ ਜੇ ਸੱਚ ਕਹੀਏ ਤਾਂ ਅ ਾਸਾਨ ਨਹੀਂ ਹੁੰਦਾ,ਬਿਨਾਂ ਬੋਲੇ ਹੱਸਦੇ ਹੋਏ ਚਿਹਰੇ ਪਿੱਛੇ ਛੁਪੇ ਦਰਦ ਦਾ ਅਨੁਮਾਨ ਮਹਿਬੂਬ ਦੇ ਬੋਲਾਂ ਵਿਚੋਂ ਲਗਾਉਣਾ। ਮਹਿਬੂਬ ਦੀਆਂ ਅੱਖਾਂ ਚੋ ਉਸਦੀਆਂ ਦਿੱਲ ਦੀਆਂ ਗਹਿਰਾਈਆਂ ਨੂੰ ਜਾਣਨਾ । ਇਹ ਤਾਂ ਉਹ ਹੀ ਸਮਝ ਸਕਦਾ ਜਿਸਨੇ ਪੂਰੀ ਸ਼ਿੱਦਤ ਨਾਲ ਕਿਸੇ ਨੂੰ ਮੁਹੱਬਤ ਕੀਤੀ ਹੋਹੁ ਕਿਓਂਕਿ ਮੁਹੱਬਤ ਦਾ ਸਫ਼ਰ ਇਨ੍ਹਾਂ ਅਸਾਂਨ ਨਹੀਂ ਜਿਨ੍ਹਾਂ ਕੇ ਸੋਚਿਆ ਜਾਂਦਾ ਹੈ । ਸਹਿਣਾ ਪੈਂਦਾ ਹੈ ਮਿਲਣ ਵਿਛੜਨ ਦਾ ਦਰਦ।

ਤਾਹੀ ਤਾਂ ਮੁਹੱਬਤ ਚ ਫਨਾ ਹੋਏ ਲੋਕ ਕਹਿੰਦੇ ਨੇ............

ਸਫਰ ਮੁਹੱਬਤ ਦਾ ਨਹੀਂ ਅ ਾਸਾਨ ਹੁੰਦਾ

ਕੀ ਕੀ ਗੁਜਰਦੀ ਹੈ ਆਸ਼ਿਕ਼ ਲੌੱਕਾਂ ਤੇ

ਕਦੇ ਫੜ ਸੂਲੀ ਲਟਕਾ ਦਿੰਦੇ

ਕਦੇ ਤੁਰਨਾ ਪੈਂਦਾ ਹੈ ਤਲਵਾਰਾਂ ਦੀਆਂ ਨੋਕਾਂ ਤੇ

ਅਹਿਸਾਸ -ਏ – ਮੁਹੱਬਤ ਇੱਕ ਇਸੇ ਤਰ੍ਹਾਂ ਦੀ ਕਹਾਣੀ ਹੈ ਜੋ ਦੋ ਇਨਸਾਨਾਂ ਦੀ ਮੁਹੱਬਤ ਨੂੰ ਦਰਸਾਉਂਦੀ ਹੈ । ‘ਸ਼ਰਰ’ (fire of sparks) ਜਾਨੀਕਿ ਸ਼ਰਨ ਅਤੇ

ਅਰਸ਼ ਦੀ "ਅਹਿਸਾਸ -ਏ-ਮੋਹੱਬਤ " ਜਿਨ੍ਹਾਂ ਨੂੰ ਮੋਹੱਬਤ ਤਾਂ ਹੋਈ ਪਰ ਉਸਦਾ ਅਹਿਸਾਸ ਆਪਣਾ ਹੀ ਰਿਸ਼ਤਾ ਟੁੱਟਣ ਤੋਂ ਬਾਅਦ ਹੋਇਆ ਕਿ ਉਹ ਇੱਕ ਦੂਜੇ ਨੂੰ ਕਿੰਨੀ ਮੁਹੱਬਤ ਕਰਦੇ ਹਨ।

✿✿✿✿✿✿✿

# ਅਹਿਸਾਸ ਏ ਮੁਹੱਬਤ

ਸ਼ਰਨਜੋਤ ਸਿੰਘ ਮਾਂ ਦਾ ਦੁੱਧ ਮੱਖਣ ਨਾ ਪਾਲਿਆ ,ਗੋਰਾ  ਨਸ਼ੋਹ ਰੰਗ ਜਿਵੇ ਕਸ਼ਮੀਰ ਦੀ ਬਰਫ ਹੋਵੇ,,,ਉੱਚਾ ਲੰਬਾ  ਗੱਬਰੂ ਜਵਾਨ ਪੁੱਤ ਜਿਥੋਂ ਲੰਘੇ ਕੁੜੀਆਂ ਤੱਕਦੀਆਂ ਰਹਿ ਜਾਂਦੀਆਂ। ਸ਼ਰਨ ਨਸ਼ੇ ਪੱਤਿਆ ਤੋਂ ਦੂਰ ਇੱਕ ਵਧੀਆ ਹਾਕੀ ਖਿਡਾਰੀ ਹੋਣ ਦੇ ਨਾਲ ਨਾਲ  ਆਪਣੇ ਕਾਲਜ ਸਮੇ ਦਾ ਰੰਗਮੰਚ ਕਲਾਕਾਰ,ਭੰਗੜੇ ਦਾ ਕੈਪਟਨ ਅਤੇ ਕਾਲਜ ਓਫ ਓਨਰ ਵੀ ਰਹਿ ਚੁੱਕਿਆ ਸੀ।

ਦੂਜੇ ਪਾਸੇ ਅਰਸ਼ਪ੍ਰੀਤ ਕੌਰ ਪੜ੍ਹੀ ਲਿਖੀ, ਉੱਚੀ ਲੰਬੀ ਜਵਾਨ, ਕਣਕ ਵੰਗਾਂ ਰੰਗ,ਲੰਬੀ ਕਾਲੀ ਗੁੱਤ,ਸਾਦਾ ਰਹਿਣ ਸਹਿਣ ਅਤੇ ਮਿਲਾਪੜੇ ਸੁਬਾਹ ਦੀ ਮਲਿਕ ਕੁੜੀ ਸੀ। ਜਿਸਨੇ ਆਪਣੇ ਭਰਾਵਾਂ ਤੋਂ ਬਿਨਾਂ ਕਿਸੇ ਵੀ ਮੁੰਡੇ ਨਾਲ ਸਿੱਧੇ ਮੂੰਹ ਗੱਲ ਕਰਨੀ ਤਾਂ ਸਿੱਖੀ ਹੀ ਨਹੀਂ ਸੀ। ਅਰਸ਼ਪ੍ਰੀਤ ਨੂੰ ਖਾਣਾ ਬਣਾਉਣ, ਕਲਾ ਅਤੇ ਸ਼ਿਲਪਕਾਰੀ ਦੇ ਨਾਲ ਨਾਲ ਸੂਟਾਂ ਤੇ ਕਢਾਈ ਕੱਢਣ ਦਾ ਬਹੁਤ ਸ਼ੌਂਕ ਸੀ। ਉਸਨੇ ਇਹ ਗੁੰਣ  ਆਪਣੀ ਮਾਂ ਦੀ ਕੁੱਖ ਚੋ ਹੀ ਹਾਸਿਲ ਕਰ ਆਈ ਸੀ ਕਿਓਂਕਿ ਉਸਦੀ ਮਾਂ ਜਸਵੰਤ ਕੌਰ ਨੂੰ ਖੁਦ ਇਸ ਹੱਥੀ ਗੁੰਣਾਂ ਚ ਬਹੁਤ ਮੁਹਾਰਤ ਹਾਸਿਲ ਸੀ। ਕੋਈ ਕਹਿ ਹੀ ਨਹੀਂ ਸੀ ਸਕਦਾ ਕੇ ਇਹ ਹੱਥੀ ਕਢਾਈ ਹੈ ਜਾਂ ਮਸ਼ੀਨ ਦੀ।

ਹੁਣ ਅੱਗੇ ਪੜ੍ਹਾਗੇ ਕਿਵੇਂ ਸ਼ਰਨ ਅਤੇ ਅਰਸ਼ ਜਾਨੀਕਿ ਸਾਡੇ  'ਸ਼ਰਰ' ਦੀ ਮੁਹੱਬਤ ਟੁੱਟਦੇ ਜੁੜਦੇ ਰਿਸ਼ਤੇ ਦੀਆਂ ਮੁਸ਼ਕਿਲਾਂ ਚੋ ਲੰਘ ਕੇ ਕਿਵੇਂ ਵਿਆਹ ਦੇ ਬੰਧਨ ਤੱਕ ਪਹੁੰਚਦੀ ਹੈ  ।

ਚਿਹਰੇ ਤੇ ਚਿੰਤਾ ਦੇ ਹਾਵ-ਭਾਵ ਤੇ ਘਬਰਾਈ ਹੋਈ ਅਰਸ਼ "ਥਿੰਦ ਆਇਸ ਹੌਸਪੀਟਲ' ਵਿੱਚ ਉਪਰੇਸ਼ਨ ਕਮਰੇ ਦੇ ਬਾਹਰ ਲੱਗੀਆਂ ਕੁਰਸੀਆਂ ਤੇ ਬੈਠੀ ਆਪਣੀ ਫੋਨ ਤੋਂ ਜਪੁਜੀ ਸਾਹਿਬ ਦਾ ਪਾਠ ਕਰ ਰਹੀ ਸੀ ਕਿ ਅਚਾਨਕ ਉਸਦੇ ਕੰਨਾਂ ਵਿੱਚ ਖਿੱਝ ਤੇ ਗੁੱਸੇ ਭਰੀ ਅਵਾਜ  ਚ ਬੋਲੇ ਗਏ ਕੁੱਝ ਬੋਲ ਸੁਣਾਈ ਦਿੱਤੇ,"ਮੈਂ ਵੀ ਤੁਹਾਡੇ ਨਾਲ ਕੋਈ ਰਿਸ਼ਤਾ ਨਹੀਂ ਰੱਖਣਾ ਚਾਹੁੰਦੀ।" ਮੈਂ ਅੱਜ ਹੀ ਪਾਪਾ ਨੂੰ ਕਹਿ ਦੇਣਾ ਕਿ ਰਿਸ਼ਤੇ ਵਲੋਂ ਜਵਾਬ ਦੇ ਦਵੋ। ਜਿੱਥੇ ਇੱਜ਼ਤ  ਹੀ ਨਹੀਂ ਉੱਥੇ ਰਿਸ਼ਤਾ ਰੱਖਣ ਦਾ ਕੀ ਫ਼ਾਇਦਾ..?

"ਰਿਸ਼ਤੇ ਵਲੋਂ ਜਵਾਬ" ਵਾਲੇ ਸ਼ਬਦ ਸੁਣ ਬੇਚੈਨੀ ਦੇ ਨਾਲ ਨਾਲ ਅਰਸ਼ ਦੀ ਦਿੱਲ ਦੀ ਧੜਕਣ ਇਵੇਂ ਤੇਜ ਹੋ ਗਈ ਜਿਵੇ ਉਸ ਨੂੰ ਆਪਣੇ ਉੱਤੇ ਹੰਢਾਈ ਕੋਈ ਦਰਦਨਾਕ ਘਟਨਾ ਯਾਦ ਆ ਗਈ ਹੋਵੇ ਅਤੇ ਕਾਹਲੀ ਚ ਅਰਸ਼ ਨੇ ਆਪਣਾ ਮੂੰਹ ਸੱਜੇ ਪਾਸੇ ਵੱਲ ਜਿਧਰੋਂ ਅਵਾਜ ਆ ਰਹੀ ਸੀ ਘੁਮਾਇਆ ਤਾਂ ਆਪਣੇ ਨਾਲ ਦੀ ਇੱਕ ਖਾਲੀ ਕੁਰਸੀ ਛੱਡ ਅਗਲੀ ਕੁਰਸੀ ਤੇ ਦੇਖਿਆ ਤਾਂ ਇੱਕ ਕੁੜੀ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਕੰਨ ਤੋਂ ਮੋਬਾਈਲ ਲਾਹ ਕੇ ਕਿਸੇ ਦੀ ਕਾਲ ਕੱਟ ਰਹੀ ਸੀ। ਅਰਸ਼ ਦਾ ਦਿਲ ਤਾਂ ਕਰੇ ਕੇ ਉਸੇ ਵੇਲੇ ਉੱਠ ਉਸਨੂੰ ਉਸਦੇ ਰੋਣ ਦਾ ਕਾਰਨ ਪੁੱਛੇ ਪਰ ਫਿਰ ਉਸਨੇ ਮਨ ਚ ਸੋਚਿਆ ਕਿ ਕੀ ਮੇਰਾ ਉਸਨੂੰ ਪੁੱਛਣਾ ਠੀਕ ਰਹੇਗਾ ..?

ਕੀਤੇ ਉਹ ਇਹ ਨਾ ਸੋਚੇ ਕਿ ਮੈਂ ਉਸਦੀ ਨਿੱਜੀ ਜ਼ਿੰਦਗੀ ਚ ਜਾਣ ਬੁੱਝ ਕੇ ਦਿਲਚਪਸੀ ਲੈ ਰਹੀ ਹਾਂ । ਪਰ ਦੂਜੇ ਹੀ ਪਲ ਮੰਨ ਚ ਖਿਆਲ ਆਇਆ ਕਿ ਉਹ ਰੋ ਰਹੀ ਹੈ। ਪਤਾ ਨਹੀਂ ਕਿੰਨੀ ਦੁੱਖੀ ਹੋਣੀ ਉਹ ।ਇਸ ਲਈ ਪਾਠ ਦੀ ਸਮਾਪਤੀ ਕਰਕੇ ਹੀ ਉਸ ਕੋਲ ਜਾ ਕੇ ਗੱਲ ਪੁੱਛਦੀ ਹਾਂ । ਜੋ ਸੋਚਣਾ ਉਹ ਸੋਚੀ ਜਾਵੇ । ਬਾਅਦ ਦੀ ਬਾਅਦ ਚ ਸੋਚੁ ਮੈਂ । ਅਰਸ਼ ਨੇ ਜਪੁਜੀ ਸਾਹਿਬ ਜੀ ਦੀਆਂ ਰਹਿੰਦੀਆਂ ਅਾਖਰੀ ਪੰਗਤੀਆਂ ਪੜ੍ਹ ,,,,

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ੧॥

ਪਾਠ ਦੀ ਸਮਾਪਤੀ ਕਰ,,,,,,,,,,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਫੋਨ ਆਪਣੇ ਕਾਲੇ ਰੰਗ ਦੇ ਪਰਸ ਵਿਚ ਪਾ ਲਿਆ।

ਕੁੜੀ ਦੇ ਕਹੇ ਸ਼ਬਦਾਂ ਨੂੰ ਸੁਣ ਮੰਨ ਚ ਚਲਦੇ ਅਨੇਕਾਂ ਵਰੋਲੇ ਲਈ ਆਪਣੀ ਕੁਰਸੀ ਤੋਂ ਉੱਠ ਨਾਲ ਵਾਲੀ ਕੁਰਸੀ ਤੇ ਬੈਠਦਿਆਂ ਅਰਸ਼ ਝਿਜਕਦੀ ਹੋਈ ਬੋਲੀ ,"ਤੁਸੀਂ ਠੀਕ ਹੋ..?"

ਕੁੜੀ ਆਪਣੀਆਂ ਅੱਖਾਂ ਵਿੱਚੋ ਵਗ ਕੇ ਗਲ੍ਹਾਂ ਤੱਕ ਆਏ ਹੰਝੂਆਂ ਨੂੰ ਆਪਣੇ ਗੁਲਾਬੀ ਰੰਗ ਦੇ ਰੁਮਾਲ ਨਾਲ ਪੂੰਝਦੀ ਹੋਈ ਬੋਲੀ, "ਜੀ।" ਇਕੱਲੇ ਆਏ ਹੋ ਇੱਥੇ..? ਕੁੜੀ ਦੇ

ਚਿਹਰੇ ਤੋਂ ਪ੍ਰੇਸ਼ਾਨੀ ਪੜ੍ਹ ਉੱਠਦੀ ਉੱਠਦੀ ਫਿਰ ਕੁਰਸੀ ਤੇ ਬਹਿੰਦੀ ਅਰਸ਼ ਬੋਲੀ । ਆਪਣੀ ਦਰਦ ਭਰੀ ਅਵਾਜ ਚ ਕੁੜੀ ਬੱਸ ਇਨ੍ਹਾਂ ਬੋਲੀ ,"ਨਹੀਂ, ਮੈਂ ਆਪਣੀ ਦਾਦੀ ਜੀ ਨਾਲ ਉਨ੍ਹਾਂ ਦੀਆਂ ਅੱਖਾਂ ਚੈੱਕ ਕਰਾਉਣ ਆਈ ਹਾਂ।" ਦਰਅਸਲ ਉਨ੍ਹਾਂ ਦੀ ਅੱਜ ਲੇਸਿਕ ਆਇਸ ਸਰਜੇਰੀ ਹੈ । ਉਹ ਓਥੇ ਬੈਠੇ ਹਨ,ਆਪਣੇ ਸੱਜੇ ਪਾਸੇ ਡਾਕਟਰ ਦੇ ਕਮਰੇ ਦੇ ਨਾਲ ਕੰਧ ਨਾਲ ਲੱਗੀਆਂ ਕੁਰਸੀ ਤੇ ਢੋਲ ਲਾ ਮੂੰਹ ਉੱਪਰ ਕਰ ਅੱਖਾਂ ਬੰਦ ਕਰੀ ਬੈਠੀ ਨਿੱਕੀ ਨਿੱਕੀ ਭੂਰੇ ਰੰਗ ਦੀ ਬੂਟੀ ਵਾਲਾ ਚਿੱਟਾ ਸੂਟ ਪਾਈ ਬਜ਼ੁਰਗ ਔਰਤ ਵੱਲ ਹੱਥ ਨਾਲ ਇਸ਼ਾਰਾ ਕਰਦੇ ਹੋਏ ਬੋਲੀ। ਤੇ ਤੁਸੀਂ ਇਥੇ ਕਿਵੇਂ ਆਏ ਹੋ ...? ਕੁੜੀ ਹੋਲੀ ਜਹੀ ਬੋਲੀ।

"ਮੇਰੇ ਮੰਮੀ ਜੀ ਦੀ ਵੀ ਲੇਸਿਕ ਆਇਸ ਸਰਜੇਰੀ ਹੈ ਅੱਜ",ਅਰਸ਼ ਬੇਝਿਜਕ ਸਵਾਲ ਦਾ ਜਵਾਬ ਦਿੰਦੇ ਬੋਲੀ ਅਤੇ ਨਾਲ ਹੀ ਕੁੜੀ ਨੂੰ ਸਵਾਲ ਕੀਤਾ," ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਕੀ ਮੈਂ ਤੁਹਾਡਾ ਨਾਮ ਜਾਣ ਸਕਦੀ ਹਾਂ...?

ਕਿਓਂ ਨਹੀਂ...? ਮੇਰਾ ਨਾਮ ਸਿਮਰਨ ਹੈ ਅਤੇ ਤੁਹਾਡਾ ਨਾਮ ...? ਅਰਸ਼ ! ਚਿਹਰੇ ਤੇ ਹਲਕੀ ਜਹੀ ਮੁਸਕਾਨ ਲਿਆਉਂਦੇ ਹੋਏ ਅਰਸ਼ ਬੋਲੀ । ਅਰਸ਼ ਸਿਮਰਨ ਦੇ ਚਿਹਰੇ ਤੋਂ ਉਦਾਸੀ ਦੇ ਹਾਵ- ਭਾਵ ਪੜ੍ਹਦੇ ਹੋਏ ਝਿਜਕਦੇ ਹੋਏ ਬੋਲੀ ," ਜੇ ਤੁਹਾਨੂੰ ਇਤਰਾਜ ਨਾ ਹੋਵੇ ਤਾਂ ਮੈਂ ਪੁੱਛ ਸਕਦੀ ਹਾਂ ਕਿ ਤੁਸੀਂ ਰੋ ਕਿਓਂ ਰਹੇ ਸੀ ...?"

ਕੋਈ ਸਮੱਸਿਆ ਹੈ ਤਾਂ ਤੁਸੀਂ ਦੱਸ ਸਕਦੇ ਹੋ ...? ਕਿਓਂਕਿ ਮੇਰਾ ਮੰਨਣਾ ਹੈ ਕਿ ਭਾਵੇ ਦਰਦ ਵੰਡਣ ਤੇ ਖਤਮ ਤਾਂ ਨਹੀਂ ਹੁੰਦਾ ਪਰ ਘੱਟ ਜਰੂਰ ਜਾਂਦਾ ਹੈ ਅਤੇ ਮੰਨ ਵੀ ਹੋਲਾ ਹੋ ਜਾਂਦਾ ਹੈ।

ਅਰਸ਼ ਦੇ ਪੁੱਛਣ ਦੀ ਦੇਰ ਸੀ ਕਿ ਸਿਮਰਨ ਨੇ ਹੰਝੂਆਂ ਨਾਲ ਅੱਖਾਂ ਭਰ ਲਈਆਂ ਅਤੇ ਆਪਣੀ ਦਰਦ ਭਰੀ ਅਵਾਜ ਵਿਚ ਬੋਲੀ , "ਯਾਰ ਗੱਲ ਕੋਈ ਬਹੁਤ ਨਹੀਂ ਆ।" ਓਏ ਕੀ ਹੋਇਆਂ.....? ਅੱਖਾਂ ਕਿਓਂ ਭਰ ਲਈਆਂ ਫਿਰ....!ਕੋਈ ਤੁਹਾਡੇ ਦਾਦੀ ਜੀ ਨਾਲ ਘਬਰਾਉਣ ਵਾਲੀ ਗਲ ਤਾਂ ਨਹੀਂ। ਕੋਈ ਸਮੱਸਿਆ ਹੈ ਤਾਂ ਤੁਸੀਂ ਦੱਸ ਸਕਦੇ ਹੋ ...? ਕਿਓਂਕਿ ਮੇਰਾ ਮੰਨਣਾ ਹੈ ਕਿ ਭਾਵੇ ਦਰਦ ਵੰਡਣ ਤੇ ਖਤਮ ਤਾਂ ਨਹੀਂ ਹੁੰਦਾ ਪਰ ਘੱਟ ਜਰੂਰ ਜਾਂਦਾ ਹੈ ਅਤੇ ਮੰਨ ਵੀ ਹੋਲਾ ਹੋ ਜਾਂਦਾ ਹੈ ਅਤੇ ਜਿਥੋਂ ਤੱਕ ਹੋਊ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਵੀ ਕਰੁ।ਅਰਸ਼ ਹੌਸਲਾ ਦਿੰਦੇ ਬੋਲੀ।

ਅਰਸ਼ ਦੇ ਪੁੱਛਣ ਦੀ ਦੇਰ ਸੀ ਕਿ ਸਿਮਰਨ ਦੀਆਂ ਅੱਖਾਂ ਚੋਂ ਅੱਥਰੂਆਂ ਡਿੱਗ ਪਏ ਅਤੇ ਆਪਣੀ ਦਰਦ ਭਰੀ ਅਵਾਜ ਵਿਚ ਬੋਲੀ , "ਯਾਰ ਗੱਲ ਕੋਈ ਬਹੁਤੀ ਵੱਡੀ ਤਾਂ

ਨਹੀਂ ਆ..........। ਬੱਸ ਉਲਝਣਾਂ ਦੇ ਘੇਰੇ ਚ ਘਿਰੀ ਹੋਈ ਆ। ਕੁੱਝ ਸਮਝ ਨਹੀਂ ਆ ਰਿਹਾ ਕੀ ਸਹੀ ਅਤੇ ਕੀ ਗਲਤ। ਬੱਸ ਅਧੇਰਾ ਦਿਸ ਰਿਹਾ ਹੈ।

"ਖੁਲ ਕੇ ਦੱਸੇਗੀ ਸਿਮਰਨ ਉਹ ਵੀ ਜੇ ਤੁਹਾਡਾ ਦਿਲ ਮੰਨਦਾ ਹੈ ਤਾਂ........!ਕੋਈ ਜਬਰਦਸਤੀ ਨਹੀਂ।", ਪਿਆਰ ਨਾਲ ਅਰਸ਼ ਬੋਲੀ। ਥੋੜ੍ਹਾ ਹਿਚਕਾਉਂਦੇ ਸਿਮਰਨ ਬੋਲੀ, "ਦਰਅਸਲ ਕੁੱਝ ਮਹੀਨੇ ਪਹਿਲਾ ਮੇਰਾ ਰਿਸ਼ਤਾ ਕੈਨੇਡਾ ਰਹਿੰਦੇ ਮੁੰਡੇ ਨਾਲ ਹੋਇਆ ਸੀ ।" ਪਹਿਲੇ ਪਹਿਲੇ ਤਾਂ ਸਭ ਠੀਕ ਸੀ ਪਰ ਹੁਣ ਸਾਡੇ ਵਿੱਚ ਇਨ੍ਹੇ ਲੜ੍ਹਾਈ ਝਗੜ੍ਹੇ  ਹੋ ਰਹੇ ਹਨ ਕਿ ਮੇਰੇ ਕੋਲ ਹੁਣ ਬਰਦਾਸ਼ਤ ਨਹੀਂ ਹੋ ਰਿਹਾ। ਮੈਂ ਇਸ ਰਿਸ਼ਤੇ ਦੀ ਵਜ੍ਹਾ ਨਾਲ ਦਿਮਾਗੀ ਤੋਰ ਤੇ ਬਹੁਤ  ਪ੍ਰੇਸ਼ਾਨ ਹੋ ਰਹੀ ਆ । ਮੈਂ ਹੋਰ ਜਿਆਦਾ ਮਾਨਸਿਕ ਦਬਾਅ ਸਹਿਣ ਨਹੀਂ ਕਰ ਸਕਦੀ । ਘੁਟਣ ਹੋ ਰਹੀ ਹੈ ਇਸ ਰਿਸ਼ਤੇ ਚ।ਇਸ ਲਈ ਰਿਸ਼ਤੇ ਨੂੰ ਤੋੜਨਾ ਚਾਹੁੰਦੀਂ ਹਾਂ ਕਿਉਂਕਿ ਰਿਸ਼ਤੇ ਵਿਸ਼ਵਾਸ ਤੇ ਇੱਜ਼ਤ ਨਾਲ ਚਲਦੇ ਨੇ ਸ਼ੱਕ ਨਾਲ ਨਹੀਂ।

"ਸ਼ੱਕ ਕਰਨ ਦੀ ਵਜ੍ਹਾ ਕੀ ਆ ਉਸ ਕੋਲ", ਅਰਸ਼ ਉਤਸੁਕਤਾ ਨਾਲ ਪੁੱਛਣ ਲੱਗੀ। ਕੋਈ ਵਜ੍ਹਾ ਨਹੀਂ ਬੱਸ ਦਿਮਾਗ ਖਰਾਬ ਆ ਓਹਦਾ। ਗੱਲ ਸਮਝਣੀ ਨਹੀਂ ਬੱਸ ਉਲਟਾ ਇਲਜਾਮ ਲਾਉਣੇ ਨੇ। ਅਸਲ ਚ ਮੈਂ ਨਵਾਂ ਫੋਨ ਲਿਆ ਸੀ ਪਤਾ ਨਹੀਂ ਇਸ ਚ ਕੀ ਪੰਗਾ ਹੈ। ਆਪਣੇ ਆਪ ਚਲਣ ਲੱਗ ਜਾਂਦਾ। ਕਦੇ ਹੈਂਗ ਉਹ ਜਾਂਦਾ ਤੇ ਫੋਨ ਨਹੀਂ ਚੱਕਿਆ ਜਾਂਦਾ ਅਤੇ ਕਦੇ ਕਦੇ ਗੱਲ ਕਰਦੇ ਆਪਣੇ ਆਪ ਫੋਨ ਕਟਿਆ ਜਾਂਦਾ। ਪਰ ਉਸ ਮਹਾਨ ਇਨਸਾਨ ਨੂੰ ਲੱਗਦਾ ਮੈਂ ਏਹ ਸਭ ਕਰਦੀ ਹਾਂ। ਇੱਕ ਫਾਰਮਰ ਪਰੋਟੈਸਟ ਕਰਕੇ BSNL ਦਾ ਨੈਟ ਵੀ ਨਹੀਂ  ਸਹੀ ਚੱਲ ਰਿਹਾ ਅਤੇ ਉਸਨੂੰ ਲੱਗਦਾ ਮੈਂ ਨੈਟ ਵੀਡੀਓ ਦੇਖ ਮੁੱਕਾ ਦਿੰਦੀ ਆ। ਸਿਮਰਨ ਖਿਝ ਕੇ ਬੋਲੀ।

ਅਰਸ਼ ਹਾਲਾਤਾਂ ਨੂੰ ਸਮਝਦੇ ਹੋਏ ਆਪਣੇ ਦੋਨਾਂ ਹੱਥਾਂ ਨਾਲ ਸਿਮਰਨ ਦੀਆ ਅੱਖਾਂ ਚੋਂ ਹੰਝੂ ਪੂੰਜਦੇ  ਹੋਏ ਬੋਲੀ ,"ਜੇ ਤੂੰ ਗੁੱਸਾ ਨਾ ਕਰੇ ਤਾਂ ਇੱਕ ਗੱਲ ਪੁੱਛਾਂ...?" ਸੱਚ ਸੱਚ ਦੱਸੀ....? ਕੀ ਤੁਸੀਂ ਉਸਨੂੰ ਪਿਆਰ ਕਰਦੇ ਹੋ..?

ਸਿਮਰਨ ਨੇ ਬਿਨਾਂ ਬੋਲੇ ਇੱਕ ਦਮ ਮੂੰਹ ਉੱਪਰ ਨੂੰ ਚੱਕ ਅਰਸ਼ ਵੱਲ ਹੈਰਾਨੀ  ਨਾਲ ਦੇਖਿਆ ਅਤੇ ਬੋਲੀ ..?

ਮਤਲਬ..!

ਤੂੰ ਇੰਦਾਂ ਹੈਰਾਨ ਹੋ ਕੇ ਪੁੱਛ ਰਹੀ ਹੈ ਜਿਵੇਂ ਮੈਂ ਤੈਨੂੰ ਕੋਈ UPSC ਦਾ ਪ੍ਰਸ਼ਨ ਪੁੱਛ

ਲਿਆ ਹੋਵੇ। ਇੱਕ ਸਧਾਰਨ ਜਿਹਾ ਸਵਾਲ ਕੀਤਾ ਮੈਂ ਕਿ ਤੂੰ ਉਸਨੂੰ ਮੁਹੱਬਤ ਕਰਦੀ ਹੈ..? ਜਾਂ ਉਹ ਤੈਨੂੰ ਮੁਹੱਬਤ ਕਰਦਾ ਹੈ..? ਅਰਸ਼ ਨੇ ਪਿਆਰ ਭਰੇ ਲਹਿਜੇ ਚ ਬੋਲਿਆ ।

ਚਿਹਰੇ ਤੇ ਹਲਕੀ ਜਹੀ ਮੁਸਕਾਨ ਅਤੇ ਅੱਖਾਂ ਖ਼ਾਰੇ ਪਾਣੀ ਨਾਲ ਭਰੀਆਂ ਅਤੇ ਭਾਵੁਕ ਹੁੰਦੇ ਹੋਏ ਸਿਮਰਨ ਸਿਰ ਹੇਠਾਂ ਨੂੰ ਕਰਦੇ ਹੋਏ ਹੂ ਹੀ ਬੋਲੀ ।

ਦੇਖ ਸਿਮਰਨ ! ਜੇ ਤੁਸੀਂ ਇੱਕ ਦੂਜੇ ਨੂੰ ਮੁਹੱਬਤ ਕਰਦੇ ਹੋ ਤਾਂ ਇੱਕ ਦੂਜੇ ਨੂੰ ਥੋੜ੍ਹਾ ਸਮਾਂ ਦਵੋ। ਸਮਝੋ ਕੇ ਸਮੱਸਿਆ ਕਿਥੇ ਆ ਰਹੀ ਆ ਅਤੇ ਉਸਦਾ ਹੱਲ ਲੱਭੋ। ਦੇਖ ਅਸੀਂ ਕੁੜੀਆਂ ਬਹੁਤ ਭਾਵੁਕ ਹੁੰਦੀਆਂ ਹਾਂ ਅਤੇ ਜਦੋ ਕਿਸੇ ਨੂੰ ਰੂਹ ਤੋਂ ਪਿਆਰ ਕਰਦੀਆਂ ਹਾਂ ਤਾਂ ਉਸ ਇਨਸਾਨ ਦੀ ਨਿੱਕੀ ਜਹੀ ਗਲ ਵੀ ਸਾਨੂੰ ਬਹੁਤ ਜਿਆਦਾ ਪ੍ਰਭਾਵਿਤ ਕਰਦੀ ਹੈ ਭਾਵੇਂ ਅਗਲੇ ਨੇ ਮਜਾਕ ਚ ਹੀ ਕਿਓਂ ਨਾ ਕਹੀ ਹੋਵੇ।ਮੈਂ ਇਨ੍ਹੀ ਸਿਆਣੀ ਅਤੇ ਸਮਝਦਾਰ ਤਾਂ ਨਹੀਂ ਹਾਂ ਅਤੇ ਨਾ ਹੀ ਮੈਨੂੰ ਪਤਾ ਕਿ ਤੁਹਾਡੇ ਵਿੱਚ ਕਿਹੜੀਆਂ ਗੱਲਾਂ ਦੀ ਲੜਾਈ ਹੈ। ਪਰ ਕਈ ਵਾਰ ਨਿੱਕੀਆਂ ਨਿੱਕੀਆਂ ਗੱਲਾਂ ਅਸੀਂ ਦਿਲ ਤੇ ਲਗਾ ਕੇ ਗੱਲ ਨੂੰ ਬਹੁਤ ਵੱਡੀ ਬਣਾ ਲੈਂਦੇ ਹਾਂ । ਚੀਜਾਂ ਸੁਲਝਾਉਣ ਦੀ ਜਗ੍ਹਾ ਹੋਰ ਉਲਝਾ ਦਿੰਦੇ ਆ।ਉਸ ਸਮੇ ਗੁੱਸਾ ਸਾਡੇ ਤੇ ਇਨ੍ਹਾਂ ਹਾਵੀ ਹੋ ਜਾਂਦਾ ਹੈਂ ਕਿ ਗੱਲ ਨੂੰ ਸੋਚਣ ਸਮਝਣ ਦੀ ਸ਼ਕਤੀ ਖਤਮ ਹੋ ਜਾਂਦੀ ਹੈਂ ਪਰ ਇਸ ਇੱਕ ਮਿੰਟ ਦੇ ਗ਼ੁੱਸੇ ਚ ਅਸੀਂ ਕਈ ਵਾਰ ਗਲਤ ਫੈਸਲਾ ਲੈ ਲੈਂਦੇ ਹਾਂ, ਜਿਸ ਦਾ ਖਿਮਿਆਜਾ ਸਾਨੂੰ ਬਾਅਦ ਚ ਭੁਗਤਣਾ ਪੈਂਦਾ ਹੈ । ਮੈਂ ਨਹੀਂ ਚਾਹੁੰਦੀ ਕਿ ਗੁੱਸੇ ਚ ਜਲਦਬਾਜ਼ੀ ਨਾਲ ਤੁਸੀਂ ਦੋਨੋ ਉਹ ਗਲਤੀ ਕਰੋ ਜੋ ਅਸੀਂ.................!

ਅਰਸ਼ ਅਜੇ ਆਪਣੀ ਗੱਲ ਸਿਮਰਨ ਨੂੰ ਸਮਝਾ ਹੀ ਰਹੀ ਸੀ ਕਿ ਇਨ੍ਹੇ ਨੂੰ ਨਰਸ ਨੇ ਓਪਰੇਸ਼ਨ ਕਮਰੇ ਦੇ ਨਾਲ ਵਾਲੇ ਕਮਰੇ ਚੋਂ ਬਾਹਰ ਨਿੱਕਲ ਕੁਲਵਿੰਦਰ ਕੌਰ ਬੋਲ ਕੇ ਅਵਾਜ ਲਗਾਈ । ਆਪਣੀ ਮੰਮੀ ਦੇ ਨਾਮ ਦੀ ਅਵਾਜ ਸੁਣ ਕੇ ਅਰਸ਼ ਚੌਂਕ ਗਈ ਅਤੇ ਜਲਦੀ ਨਾਲ ਕੁਰਸੀ ਤੋਂ ਉੱਠ ਕੇ ਨਰਸ ਕੋਲ ਚਲੇ ਗਈ।

ਅਰਸ਼ ਵੱਲ ਵੇਖਦੇ ਹੋਏ ਨਰਸ ਬੋਲੀ , "ਤੁਸੀਂ ਕੁਲਵਿੰਦਰ ਕੌਰ ਜੀ ਦੇ ਨਾਲ ਹੋ । "

ਹਾਂਜੀ! ਅਰਸ਼ ਆਪਣਾ ਦੁਪੱਟਾ ਸੱਜੇ ਹੱਥ ਨਾਲ ਉਤਾਹ ਕਰਕੇ ਮੋਢੇ ਤੇ ਕਰਦੇ ਹੋਏ ਬੋਲੀ ।

ਓਕੇ! ਰਿਸੈਂਪੈਸ਼ਨ ਤੇ ਜਾ ਕੇ 24000 ਰੁਪਏ ਜਮਾ ਕਰਾ ਆਓ, ਨਰਸ ਫਾਈਲ

ਅਰਸ਼ ਨੂੰ ਫੜਾਉਂਦੇ ਹੋਏ ਬੋਲੀ ।

ਅਰਸ਼ ਮੁੜਨ ਹੀ ਲੱਗੀ ਸੀ ਕਿ ਨਰਸ ਨੇ ਫਿਰ ਅਵਾਜ ਲਗਾਈ, "ਤੁਹਾਡੇ ਮੰਮੀ ਕਿੱਥੇ ਨੇ..?" ਉਨ੍ਹਾਂ ਦੀ ਅੱਖ ਚ ਆਈ ਡਰੋਪ ਪਾਉਣਾ ਹੈ।

ਅਰਸ਼ ਆਪਣੇ ਸੱਜੇ ਹੱਥ ਨਾਲ ਬੇਸਮੈਂਟ ਚ ਦੂਜੇ ਪਾਸੇ ਲੱਗੀਆਂ ਕੁਰਸੀਆਂ ਵੱਲ ਜਿੱਥੇ ਉਹ ਸਾਰੇ ਮਰੀਜ਼ ਬੈਠੇ ਸਨ ਜਿਨਾਂ ਦੀ ਅੱਜ ਲੇਸਿਕ ਆਇਜ ਸਰਜੇਰੀ ਸੀ ਇਸ਼ਾਰਾ ਕਰਦੇ ਹੋਏ ਬੋਲੀ , "ਉਹ ਪਹਿਲੀ ਕਤਾਰ ਚ ਪਹਿਲੀ ਕੁਰਸੀ ਤੇ ਬੈਠੇ ਨੇ, ਪਰਪਲ ਸੂਟ ਵਾਲੇ ।

ਓਕੇ! ਚਲੋ ਤੁਸੀਂ ਪੇਮੈਂਟ ਜਮਾਂ ਕਰਾ ਆਓ,,,,,, ਕਹਿ ਨਰਸ ਕੁਲਵਿੰਦਰ ਕੌਰ ਕੋਲ ਚੱਲੇ ਗਈ।

ਅਰਸ਼ ਨੇ ਰਿਸੈਂਪਸ਼ਨ ਤੇ ਰੁਪਏ ਜਮਾਂ ਕਰਾ ਫਿਰ ਫਾਈਲ ਆ ਕੇ ਨਰਸ ਨੂੰ ਫੜਾ ਦਿੱਤੀ ਅਤੇ ਮੁੜ ਆ ਕੇ ਸਿਮਰਨ ਕੋਲ ਆ ਕੇ ਕੁਰਸੀ ਤੇ ਬੈਠ ਗਈ।

"ਕਰਾ ਆਏ ਪੈਸੇ ਡਿਪੋਜੀਟ", ਕੁਰਸੀ ਤੇ ਬੈਠਦੀ ਹੋਈ ਅਰਸ਼ ਨੂੰ ਸਿਮਰਨ ਬੋਲੀ. ਹਾਂਜੀ ਕਰਾ ਆਈ। ਚਲੋ ਤੁਸੀਂ ਮੇਰੀ ਗੱਲ ਸੁਣੋ, ਅਰਸ਼ ਸਿਮਰਨ ਨੂੰ ਆਪਣੀ ਗੱਲ ਵੱਲ ਧਿਆਨ ਕਰਾਉਂਦੇ ਹੋਏ ਬੋਲੀ । ਸਿਮਰਨ ਮੈਂ ਤਾਂ ਤੁਹਾਨੂੰ ਇਹੀ ਸਲਾਹ ਦੇਵਾਂ ਗੀ ਕਿ ਕਾਹਲੀ ਚ ਕੋਈ ਫੈਸਲਾ ਨਾ ਲੋ । ਆਪਣੇ ਆਪ ਅਤੇ ਉਸ ਮੁੰਡੇ ਨੂੰ ਥੋੜ੍ਹਾ ਸਮਾਂ ਦੋ।

"ਪਰ ਯਾਰ! ਮੈਂ ਪਾਗਲ ਹੋ ਜਾਣਾ ਜੇ ਮੈਂ ਹੋਰ ਕੁੱਝ ਸਮਾਂ ਇਸ ਰਿਸ਼ਤੇ ਚ ਰਹੀ", ਸਿਮਰਨ  ਖਿੱਝਦੀ ਬੋਲੀ । ਤੂੰ ਇੱਦਾਂ ਨਹੀਂ ਸਮਝੇਗੀ। ਮੈਂ ਵੀ ਇਸ ਤਰ੍ਹਾਂ ਦੇ ਹਾਲਾਤਾਂ ਚੋਂ ਨਿਕਲ ਚੁੱਕੀ ਹਾਂ। ਇਸ ਲਈ ਤੈਨੂੰ ਆਪਣੀ ਕਹਾਣੀ ਸਣਾਉਂਦੀ ਹਾਂ ਫਿਰ ਤੂੰ ਫੈਸਲਾ ਲਈ ਕਿ ਤੈਨੂੰ ਕੀ ਕਰਨਾ ਚਾਹੀਦਾ ਹੈ, ਸਿਮਰਨ ਨੂੰ ਸਮਝਾਉਂਦੇ ਅਰਸ਼ ਬੋਲੀ।

ਤੁਸੀਂ ਏਂਗੇਜਡ ਹੋ...? ਸਿਮਰਨ ਨੇ ਹੈਰਾਨੀ ਨਾਲ ਪੁੱਛਿਆ ।

ਤੂੰ ਪੂਰੀ ਕਹਾਣੀ ਸੁਣ ਫਿਰ ਤੈਨੂੰ ਸਭ ਪਤਾ ਵੀ ਲੱਗ ਜਾਵੇਂਗਾ ਅਤੇ ਤੇਰੇ ਸਵਾਲਾਂ ਦੇ ਜਵਾਬ ਵੀ ਤੈਨੂੰ ਮਿਲ ਜਾਣਗੇ ਕਿਓਂਕਿ ਜੋ ਗੱਲਾਂ ਕਿਸੇ ਦੇ ਸਮਝਾਇਆ ਸਮਝ ਨਹੀਂ ਆਉਂਦੀਆਂ ਓਹ ਕਹਾਣੀ ਰਹੀ ਛੇਤੀ ਸਮਝ ਆ ਜਾਂਦੀਆਂ ਨੇ । ਕਈ ਵਾਰ ਕਹਾਣੀਆਂ ਵਿੱਚੋ ਹੀ ਆਪਣੇ ਸਵਾਲਾਂ ਦੇ ਜਵਾਬ ਮਿਲ ਜਾਂਦੇ ਹਨ।

ਇੱਕ ਦਿਨ ਸ਼ਾਮ ਨੂੰ ਅਸੀਂ ਜਾਨੀਕਿ ਮੈਂ ਮੇਰੇ ਮੰਮੀ ਪਾਪਾ ਅਤੇ ਭਰਾ ਘਰ ਲਾਬੀ ਚ ਬੈਠੇ ਗੱਲਾਂ ਕਰ ਰਹੇ ਸੀ ਕਿ ਇਨ੍ਹੇ ਨੂੰ ਪਾਪਾ ਦੇ ਫੋਨ ਦੀ ਬੈੱਲ ਵੱਜੀ।

ਟਰੱਰ...ਟ...ਰ..ਰ...ਟਰੱਰ

ਹੈਲੋ..! ਪਾਪਾ(ਅਵਤਾਰ ਸਿੰਘ)ਫੋਨ ਚੱਕਦੇ ਹੋਏ ਬੋਲੇ।

“ਕਿੱਦਾ ...? ਅਵਤਾਰ!”, ਖੁਸ਼ ਹੁੰਦੇ ਹੋਏ ਗੁਰਦੀਪ ਅੰਕਲ ਬੋਲੇ।

ਵਧੀਆ ਵਧੀਆ ਗੁਰਦੀਪ,,। ਤੂੰ ਸੁਣਾ ਕਿਵੇਂ ਆ ..? "ਨੌਕਰੀ ਵਧੀਆ ਚੱਲੀ ਜਾਂਦੀ ਆ । ਪਾਪਾ ਨੇ ਜਵਾਬ ਦਿੱਤਾ।

ਆਹੋ ਯਾਰ...! ਤੈਨੂੰ ਪਤਾ ਹੀ ਆ ,ਕੀ ਹਾਲ ਹੈਂ ਅੱਜ ਕੱਲ ਜੇਲ੍ਹਾਂ ਦਾ ,,,?"ਮਨਿਸਟਰਾਂ ਦੀ ਚਲਦੀ ਆ ਅਤੇ ਬਸ ਸਾਡੇ ਵਰਗੇ ਗਰੀਬ ਫੱਸ ਜਾਂਦੇ ਆ",ਮਾਯੂਸ ਹੁੰਦੇ ਗੁਰਦੀਪ ਅੰਕਲ ਬੋਲੇ।

ਗੱਲ ਤਾਂ ਤੂੰ ਸਹੀ ਕਹਿੰਦਾ ਹੈ। ਪਰ ਆਪਣੀ ਡਿਊਟੀ ਧਿਆਨ ਨਾਲ ਕਰੀ ਚੱਲੋ। ਅੱਗੇ ਬਾਬਾ ਨਾਨਕ ਹੈਗਾ ਰੱਖਿਆ ਕਰਨ ਨੂੰ,ਪਾਪਾ ਗੁਰਦੀਪ ਅੰਕਲ ਦਾ ਹੋਂਸਲਾ ਵਧਾਉਂਦੇ ਹੋਏ ਬੋਲੇ।

ਗੱਲ ਤਾਂ ਤੂੰ ਸਹੀ ਕਹਿੰਦਾ ਆ। ਆਪਣੀ ਡਿਊਟੀ ਇਮਾਨਦਾਰੀ ਨਾਲ ਕਰੋ। ਫਿਰ ਕਿਹਦੀ ਹਿੰਮਤ ਕੀ ਕੁਝ ਕਹਿ ਜਾਵੇ । ਸੱਚ ਮੈਂ ਤਾਂ ਤੈਨੂੰ ਤਾਂ ਫੋਨ ਕੀਤਾ ਸੀ ਕਿ ਮੇਰੇ ਸਾਲੇ ਦਾ ਮੁੰਡਾ ਆ ਅਮਰੀਕਾ ਪੱਕਾ । ਓਹਨੇ ਆਉਣਾ ਜਨਵਰੀ ਚ । ਜੇ ਤੂੰ ਆਪਣੀ ਗੁਡੀਆ ਦਾ ਰਿਸ਼ਤਾ ਕਰਨਾ ਆ ਤਾਂ। ਮੁੰਡਾ ਸੋਹਣਾ ਸੁਨੱਖਾ ਅਤੇ M.A ਪਾਸ ਆ। ਨਸ਼ੇ ਪੱਤਾ ਨਹੀਂ ਕਰਦਾ । ਜੇ ਤੈਨੂੰ ਮੰਨਜੂਰ ਆ ਤਾਂ ਮੈਂ ਫੋਟੋ ਭੇਜ ਦਿੰਦਾ ਆ ਤੈਨੂੰ ਵਟਸਅੱਪ ਤੇ। ਬਾਕੀ ਤੈਨੂੰ ਪਤਾ ਆ ਸਾਰਾ ਕੁੱਝ। ਪਿਛਲੇ 30 ਸਾਲ ਤੋਂ ਤੂੰ ਜਾਣਦਾ ਆ ਮੈਨੂੰ ਅਤੇ ਮੇਰੇ ਸੋਹਰੇ ਪਰਿਵਾਰ ਨੂੰ । ਕਈ ਵਾਰ ਗਿਆ ਵੀ ਆ ਉਨ੍ਹਾਂ ਦੇ ਘਰ।ਬਾਕੀ ਤੂੰ ਪਿੰਡ ਚੋ ਪੁੱਛ ਸਕਦਾ ਹੈ,ਮੁੰਡੇ ਬਾਰੇ ,ਗੁਰਦੀਪ ਅੰਕਲ ਨੇ ਆਪਣੀ ਗੱਲ ਪੂਰੀ ਕਰਦਿਆਂ ਕਿਹਾ।

ਦੇਖ ਗੁਰਦੀਪ..! ਰਿਸ਼ਤਾ ਤਾਂ ਚਲੋ ਵਧੀਆ ਆ। ਪਰ ਅਜੇ ਤਾਂ ਮੈਂ ਡਿਊਟੀ ਤੇ ਆ ।" ਕੱਲ ਨੂੰ ਜਾਣਾ ਮੈਂ ਘਰ ਅਤੇ ਮੈਂ ਆਪਣੇ ਪਰਿਵਾਰ ਨਾਲ ਸਲਾਹ ਕਰਕੇ ਫਿਰ ਦੱਸਦਾ ਆ ਤੈਨੂੰ",ਪਾਪਾ ਨੇ ਅੰਕਲ ਨੂੰ ਆਪਣੇ ਦਿਲ ਦੀ ਗੱਲ ਸ਼ਪੱਸ਼ਟ ਰੂਪ ਚ ਕਹਿ ਦਿੱਤੀ ਸੀ ।

ਠੀਕ- ਠੀਕ..! ਕੋਈ ਨਾ ਅਵਤਾਰ ਕਰ ਲਈ ਘਰੇ ਗੱਲ। ਫਿਰ ਦੱਸਦੀ ਦੇਵੀ ਮੈਨੂੰ, ਜੋ ਤੁਹਾਡੀ ਸਲਾਹ ਹੋਈ, ਇਹ ਕਹਿ ਗੁਰਦੀਪ ਅੰਕਲ ਨੇ ਚੰਗਾ ਕਹਿ ਕੇ ਫੋਨ ਕੱਟ ਦਿੱਤਾ।

ਪਾਪਾ ਨੇ ਅਜੇ ਫੋਨ ਕੱਟਿਆ ਹੀ ਸੀ ਕਿ ਮੰਮੀ ਨੇ ਸਵਾਲਾਂ ਦੀ ਹਨ੍ਹੇਰੀ ਲਿਆ ਦਿੱਤੀ।

ਕੀ ਗੱਲ ਹੋਈ..?

ਕਹਿਦੇ ਰਿਸ਼ਤੇ ਦੀ ਗੱਲ ਕਰਦੇ ਸੀ ਤੁਸੀਂ..?,ਮੰਮੀ ਨੇ ਉਤਸੁਕਤਾ ਨਾਲ ਪਾਪਾ ਨੂੰ ਪੁੱਛਿਆ ।

ਪਾਪਾ ਮੰਮੀ ਦੇ ਸਵਾਲਾਂ ਤੋਂ ਅੱਕ ਇੱਕ ਦਮ ਖਿੱਝ ਕੇ ਬੋਲੇ,"ਹੌਂਸਲਾ ਰੱਖ, ਦੱਸਦਾਂ ਸਾਰਾ ਕੁੱਝ ।"

ਮੈਂ ਕਿਹੜਾ ਭੱਜਿਆ ਚੱਲਾਂ ਆ ਕੀਤੇ ।

"ਉਹ ਝਬਾਲ ਵਾਲੇ ਗੁਰਦੀਪ ਦਾ ਫੋਨ ਸੀ ਜਿਨ੍ਹਾਂ ਦੇ ਘਰ ਆਪਾਂ ਇੱਕ ਦੋ ਵਾਰੀ ਜਾ ਕੇ ਆਏ ਹਾਂ", ਪਾਪਾ ਫੋਨ ਆਪਣੀ ਕਮੀਜ ਦੀ ਜੇਬ ਵਿੱਚ ਪਾਉਂਦੇ ਬੋਲੇ । ਉਹ ਆਪਣੇ ਸਾਲੇ ਦੇ ਮੁੰਡੇ ਵੱਲ ਆਪਣੀ ਅਰਸ਼ ਦਾ ਰਿਸ਼ਤਾ ਮੰਗਦਾ ਆ । ਮੁੰਡਾ ਅਮਰੀਕਾ ਆ ਅਤੇ ਕੋਈ ਨਸ਼ਾ ਪੱਤਾ ਨਹੀਂ ਕਰਦਾ ਅਤੇ ਨਾ ਹੀ ਸ਼ਰਾਬ ਵਗੈਰਾ ਪੀਂਦਾ ਆ। ਕਹਿੰਦਾ ਜੇ ਤੁਹਾਨੂੰ ਮੰਨਜੂਰ ਆ ਤਾਂ ਮੁੰਡੇ ਦੀ ਫੋਟੋ ਵਟਸਅੱਪ ਤੇ ਭੇਜ ਦਿੰਦਾ ਆ। ਮੈਂ ਕਿਹਾ ਮੈਂ ਨੌਕਰੀ ਤੇ ਆ । ਘਰ ਜਾ ਕੇ ਵਿਚਾਰ ਕਰਕੇ ਦੱਸਦਾ ਆ । ਹੁਣ ਤੁਸੀਂ ਸਾਰੇ ਸੋਚ ਲਵੋ ਹੁਣ ਵੀ ਕਿਵੇਂ ਕਰਨਾ ਆ...?

ਜੀ! ਆਪਣੇ ਜਵਾਕ ਦੀਆਂ ਤਾਂ ਸਾਰੇ ਸਿਫਤਾਂ ਹੀ ਕਰਦੇ ਆ । "ਤੁਸੀਂ ਇੱਕ ਵਾਰ ਪਿੰਡ ਚੋਂ ਪਤਾ ਕਰੋ, ਮੁੰਡੇ ਬਾਰੇ", ਮੰਮੀ ਪਾਪਾ ਨੂੰ ਸਮਝਾਉਂਦੇ ਹੋਏ ਬੋਲੀ।ਮੈਨੂੰ ਤਾਂ ਪਾਪਾ ਰਿਸ਼ਤਾ ਠੀਕ ਲੱਗਦਾ ਆ । ਨਾਲ਼ੇ ਜਿਸ ਨੂੰ 7 ਸਾਲ ਹੋ ਗਏ ਬਾਹਰ ਗਏ ਨੂੰ, ਉਸ ਬਾਰੇ ਪਿੰਡ ਚ ਕੀ ਪਤਾ ਲੱਗਣਾ...? ਅੱਜ ਕੱਲ ਨਸ਼ੇ ਪੱਤੇ ਦਾ ਬੋਲ ਬਾਲਾ ਆ । ਨਾ ਹੀ ਅੱਜ ਕੱਲ ਮੁੰਡਿਆਂ ਦਾ ਪਤਾ ਲੱਗਦਾ ਕੇ ਉਹ ਨਸ਼ਾ ਪੱਤਾ ਕਰਦੇ ਆ ਕਿ ਨਹੀਂ ।"ਜੇ ਮੁੰਡਾ ਕੁੱਝ ਖਾਂਦਾ ਪੀਂਦਾ ਨਹੀਂ ਆ ਤਾਂ ਵਧੀਆ ਆ । ਸਾਨੂੰ ਕਰ ਦੇਣਾ ਚਾਹੀਦਾ ਆ ਰਿਸ਼ਤਾ", ਮੇਰਾ ਭਰਾ ਨਵਜੋਤ ਮੰਮੀ ਪਾਪਾ ਨੂੰ ਸਮਝਾਉਂਦੇ ਹੋਏ ਬੋਲਿਆ ।

ਚਲੋ ਠੀਕ ਆ, ਫਿਰ। "ਮੈਂ ਖੇਤਾਂ ਚ ਗੇੜਾ ਮਾਰ ਆਵਾਂ । ਕੱਲ ਨੂੰ ਗੁਰਦੀਪ ਨੂੰ ਫੋਨ

ਕਰਦਾ ਆ ਕਿ ਸਾਨੂੰ ਰਿਸ਼ਤਾ ਮੰਨਜ਼ੂਰ ਆ", ਕਹਿ ਕੇ ਪਾਪਾ ਖੇਤਾਂ ਨੂੰ ਚੱਲੇ ਗਏ ।

ਅਗਲੇ ਦਿਨ ਸ਼ਾਮ ਨੂੰ ਪਾਪਾ ਨੇ ਗੁਰਦੀਪ ਅੰਕਲ ਨੂੰ ਫੋਨ ਕਰਕੇ ਰਿਸ਼ਤੇ ਵਲੋਂ ਹਾਂ ਕਹਿ ਦਿੱਤੀ ਅਤੇ ਰਾਤ 8 ਵਜੇ ਤੱਕ ਅੰਕਲ ਨੇ ਸ਼ਰਨ ਦੀਆਂ ਫੋਟੋਆਂ ਪਾਪਾ ਦੇ ਵਟਸਅੱਪ ਤੇ ਭੇਜ ਦਿੱਤੀਆਂ ।

ਜਦੋਂ ਪਾਪਾ ਨੇ ਸ਼ਰਨ ਦੀਆਂ ਫੋਟੋਆਂ ਦਿਖਾਈਆਂ ਤਾਂ ਮੇਰੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ। ਫੋਟੋ ਚ ਕਾਲੇ ਰੰਗ ਦੀ ਜੀਨ ਦੇ ਨਾਲ ਚਿੱਟੇ ਰੰਗ ਦੀ ਸਵੈਟ ਸ਼ਰਟ ਪਾਈ ਸਮੁੰਦਰ ਦੇ ਕੰਢੇ ਤੇ ਖੜਾ ਕਾਲੇ ਰੰਗ ਦੀਆਂ ਐਨਕਾਂ ਲਾਈ ਸ਼ਰਨ ਕਿਸੇ ਬਾਲੀਵੁੱਡ ਹੀਰੋ ਵਾਂਗ ਲੱਗ ਰਿਹਾ।

ਉਸਦੇ ਪਾਏ ਬਰੈਂਡਡ ਕੱਪੜੇ ਉਸਦੀ ਸ਼ਖਸੀਅਤ ਅਤੇ ਗੋਰੇ ਨਿਸ਼ੋਹ ਰੰਗ ਨੂੰ ਹੋਰ ਨਿਖਾਰ ਰਹੇ ਸਨ। ਸ਼ਰਨ ਦੀਆਂ ਫੋਟੋਆਂ ਦੇਖ ਕੇ ਮੇਰੇ ਦਿਲ ਨੇ ਜ਼ੋਰ ਜ਼ੋਰ ਦੀ ਧੜਕਣਾ ਸ਼ੁਰੂ ਕਰ ਦਿੱਤਾ ਕਿਓਂਕਿ ਪਹਿਲੀ ਵਾਰ ਮੈਂ ਕਿਸੇ ਮੁੰਡੇ ਦੀ ਫੋਟੋ ਨੂੰ ਇਨ੍ਹੇ ਧਿਆਨ ਨਾਲ ਦੇਖਿਆ ਸੀ। ਸ਼ਰਨ ਦੀਆਂ ਫੋਟੋਆਂ ਦੇਖ ਕੇ ਮਹਿਸੂਸ ਹੀ ਨਹੀਂ ਹੋਇਆ ਕਿ ਇਸ ਇਨਸਾਨ ਦੀ ਫੋਟੋ ਨੂੰ ਮੈਂ ਪਹਿਲੀ ਵਾਰ ਦੇਖ ਰਹੀ ਹਾਂ। ਬਲਕਿ ਇੱਦਾਂ ਮਹਿਸੂਸ ਹੋ ਰਿਹਾ ਸੀ ਕਿ ਇਸ ਇਨਸਾਨ ਨੂੰ ਮੈਂ ਜਨਮਾਂ ਜਮਾਤਾਂਰ ਤੋਂ ਜਾਣਦੀ ਹਾਂ । ਇਹ ਮੇਰਾ ਕੋਈ ਆਪਣਾ ਹੈ ਜੋ ਮੇਰੇ ਤੋਂ ਹਜਾਰਾਂ ਸਾਲ ਪਹਿਲਾ ਵਿੱਛੜ ਗਿਆ ਸੀ ਅਤੇ ਅੱਜ ਮਿਲਿਆ ਹੈ । ਜੋ ਭਾਵਨਾਵਾਂ ਉਸ ਸਮੇ ਮੇਰੇ ਦਿਲ ਚ ਸੀ,,,,, ਉਹ ਮੈਂ ਕਦੇ ਕਿਸੇ ਮੁੰਡੇ ਲਈ ਮਹਿਸੂਸ ਨਹੀਂ ਸੀ ਕੀਤੀਆਂ ।

ਪਰ ਦੂਜੇ ਹੀ ਪਲ ਮੇਰੇ ਦਿਲ ਅਤੇ ਦਿਮਾਗ ਚ ਚੱਲ ਰਹੀਆਂ ਖੁਸ਼ੀ ਦੀਆਂ ਤਰੰਗਾਂ ਤੇ ਬੁਰੇ ਖਿਆਲਾਂ ਨੇ ਘੇਰਾ ਪਾ ਲਿਆ ਜਿਵੇਂ ਅਚਾਨਕ ਚਮਕਦੇ ਸੂਰਜ ਨੂੰ ਕਾਲੇ ਬੱਦਲ ਆਪਣੇ ਅੰਦਰ ਛੁਪਾ ਲੈਂਦੇ ਹਨ । ਮੇਰੇ ਮੰਨ ਚ ਅਨੇਕਾਂ ਪ੍ਰਕਾਰ ਦੇ ਨਕਾਰਾਤਮਕ ਵਿਚਾਰ ਆਪਣੀ ਜਗ੍ਹਾ ਬਣਾਉਣ ਲੱਗ ਗਏ ਕਿ ਇਨ੍ਹਾਂ ਸੋਹਣਾ ਮੁੰਡਾ ਮੇਰੇ ਵਰਗੀ ਸਾਂਵਲੇ ਰੰਗ ਦੀ ਸਾਦਗੀ ਪਸੰਦ ਕੁੜੀ ਨੂੰ ਕਿਓਂ ਪਸੰਦ ਕਰੇਗਾ ਕਿਓਂਕਿ ਬਚਪਨ ਤੋਂ ਹੀ ਮੈਂ ਇਹ ਸੁਣ ਕੇ ਵੱਡੀ ਹੋਈ ਸੀ ਕਿ ਮੁੰਡਿਆਂ ਨੂੰ ਸੋਹਣੀਆਂ ਕੁੜੀਆਂ ਮਤਲਬ ਜਿਨ੍ਹਾਂ ਦਾ ਰੰਗ ਗੋਰਾ ਹੁੰਦਾ ਹੈ। ਉਹ ਪਸੰਦ ਹੁੰਦੀਆਂ ਨੇ........ਅਤੇ ਸਾਂਵਲੇ ਰੰਗ ਦੀ ਕੁੜੀ ਨੂੰ ਇਜਾਜਤ ਨਹੀਂ ਮੁੰਡੇ ਨੂੰ ਪਸੰਦ ਕਰਨ ਦੀ ਕਿਓਂਕਿ ਉਸਦਾ ਰਿਸ਼ਤਾ ਸੋਹਣੀਆਂ ਕੁੜੀਆਂ ਦੇ ਮੁਕਾਬਲੇ ਬਹੁਤ ਔਖਾ ਹੁੰਦਾ ਹੈ ਭਾਵੇਂ ਉਹ ਕਿੰਨੇ ਵੀ ਵਧੀਆ ਚਰਿੱਤਰ ਦੀ ਕਿਓਂ ਨਾ ਹੋਵੇ । ਸਾਂਵਲੇ ਰੰਗ ਵਾਲੀਆਂ ਕੁੜੀਆਂ ਕਦੇ ਵੀ ਕਿਸੇ ਦੀ

ਪਹਿਲੀ ਪਸੰਦ ਨਹੀਂ ਹੁੰਦੀਆਂ । ਉਨ੍ਹਾਂ ਨੂੰ ਜੋ ਮੁੰਡਾ ਪਸੰਦ ਕਰਦਾ ਹੈ ਉਸਨੂੰ ਉਸੇ ਨਾਲ ਵਿਆਹ ਕਰਾਉਣਾ ਪੈਂਦਾ ਹੈ। ਭਾਵੇਂ ਉਨ੍ਹਾਂ ਨੂੰ ਮੁੰਡਾ ਪਸੰਦ ਹੋਵੇ ਭਾਵੇਂ ਨਾ ।

ਸ਼ਾਇਦ ਇਸ ਲਈ ਮੈਂ ਹਮੇਸ਼ਾ ਮੁੰਡਿਆਂ ਤੋਂ ਦੂਰ ਭੱਜਦੀ ਰਹੀ ਕਿਓਂਕਿ ਮੈਨੂੰ ਇਹੀ ਲੱਗਦਾ ਸੀ ਕਿ ਸਾਵਲਾ ਰੰਗ ਕਦੇ ਕਿਸੇ ਦੀ ਪਸੰਦ ਨਹੀਂ ਹੋ ਸਕਦਾ । ਕੀਤੇ ਨਾ ਕੀਤੇ ਘਰ ਵਿਚ ਹੰਢਾਏ ਗੋਰੇ ਕਾਲੇ ਰੰਗ ਦਾ ਭੇਦਭਾਵ ਵੀ ਇਸਦੇ ਪਿੱਛੇ ਦਾ ਇੱਕ ਕਾਰਨ ਸੀ ਦੂਜਾ ਸੀ ਘਰਦਿਆਂ ਦੀ ਇੱਜ਼ਤ ਨੂੰ ਦਾਗ ਨਹੀਂ ਲਾਹਾਉਣਾ।

ਭਾਵੇਂ ਕਿ ਮੇਰੇ ਦਿਲ ਦਿਮਾਗ ਚ ਅਨੇਕਾਂ ਤਰ੍ਹਾਂ ਦੇ ਬੁਰੇ ਵਿਚਾਰ ਹਾਵੀ ਹੋ ਚੁੱਕੇ ਸਨ ਪਰ ਮੈਂ ਆਪਣੇ ਮੰਨ ਅੰਦਰ ਚੱਲ ਰਹੇ ਵਲਵਲਿਆਂ  ਨੂੰ ਆਪਣੇ ਪਰਿਵਾਰ ਅੱਗੇ ਜਾਹਿਰ ਨਹੀਂ ਹੋਣ ਦਿੱਤਾ। ਪਾਪਾ ਨੇ ਮੈਨੂੰ ਵੀ ਆਪਣੀਆਂ ਫੋਟੋਆਂ ਗੁਰਦੀਪ ਅੰਕਲ ਦੇ ਵਟਸਅੱਪ ਨੰਬਰ ਤੇ ਭੇਜਣ ਨੂੰ ਬੋਲਿਆ ।

ਪਾਪਾ ਦੇ ਕਹਿਣ ਦੀ ਦੇਰ ਸੀ ਕਿ ਚਿੰਤਾ ਨਾਲ ਮੇਰਾ ਦਿਮਾਗ ਅਤੇ ਹੱਥ ਪੈਰ ਸੁੰਨ ਹੋ ਗਏ । ਮੈਨੂੰ ਸਮਝ ਹੀ ਨਹੀਂ ਸੀ ਆ ਰਿਹਾ ਕਿ ਮੈਂ ਕਿਹੜੀ ਫੋਟੋ ਭੇਜਾਂ....?

ਦੂਜੀ ਚਿੰਤਾ ਇਹ ਸੀ ਕਿ ਜੇ ਉਨ੍ਹਾਂ ਨੇ ਫੋਟੋ ਦੇਖ ਨਾਂਹ ਕਰ ਦਿੱਤੀ ਤਾਂ ਮੇਰੀ ਬੇਇੱਜਤੀ ਹੋ ਜਾਣੀ ਹੈ । ਪਰ ਫੋਟੋ ਤਾਂ ਭੇਜਣੀ ਹੀ ਪੈਣੀ ਸੀ, ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ, ਮੇਰੇ ਕੋਲ ।

ਮੈਂ ਆਪਣੇ ਮੰਨ ਨੂੰ ਹੌਂਸਲਾ ਜਿਹਾ ਦੇ ਕੇ ਕਿਹਾ, "ਕੋਈ ਨਾ ਅਰਸ਼ ਭੇਜ ਦੇ ਫੋਟੋ। " ਜੇ ਮੁੰਡਾ ਨਾਂਹ ਕਰ ਦਵੇਗਾ ਤਾਂ ਸਮਝ ਲਈ ਵਾਹਿਗੁਰੂ ਜੀ ਨੇ ਓਹਨੂੰ ਤੇਰੇ ਲਈ ਬਣਾਇਆ ਹੀ ਨਹੀਂ। ਨਾਲੇ ਜੋ ਤੇਰਾ ਰੰਗ ਰੂਪ ਦੇਖ ਤੈਨੂੰ ਪਸੰਦ ਕਰੂ, ਉਹ ਕੱਲ ਨੂੰ ਤੇਰਾ ਸਾਥ ਕਿੱਥੇ ਨਿਭਾਵੇਗਾ..?

ਇਹ ਸੋਚ ਕੇ ਮੈਂ ਆਪਣੇ ਤਾਏ ਦੇ ਮੁੰਡੇ ਦੇ ਵਿਆਹ ਚ ਪਾਏ ਸੰਤਰੀ ਰੰਗ ਦੇ ਸੂਟ  ਚ ਖਿੱਚੀ ਫੋਟੋ ਗੁਰਦੀਪ ਅੰਕਲ ਦੇ ਵਟਸਅੱਪ ਤੇ ਭੇਜ ਦਿੱਤੀ......

ਅਗਲੇ ਦਿਨ ਸਵੇਰੇ ਮੈਂ ਤੜਕੇ 4 ਵਜੇ ਉੱਠ ਪੰਜ ਬਾਣੀਆਂ ਦਾ ਪਾਠ ਕਰ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਜੇ ਇਹ ਰਿਸ਼ਤੇ ਮੇਰੇ ਲਈ ਸਹੀ ਹੈ ਤਾਂ ਸਿਰੇ ਚੜ੍ਹਾਇਓ, ਨਹੀਂ ਤਾਂ ਗੱਲ ਇੱਥੇ ਹੀ ਬੰਦ ਹੋ ਜਾਵੇ। ਮੈਂ ਸਾਰੀ ਉਮਰ ਦਾ ਦੁੱਖ ਨਹੀਂ ਹੰਢਾਉਣਾ ਚਾਹੁੰਦੀ ।

ਰੋਟੀ ਖਾ ਕੇ ਪਾਪਾ ਤਿਆਰ ਹੋ ਕੇ ਆਪਣੀ ਡਿਊਟੀ ਤੇ ਚੱਲੇ ਗਏ ਅਤੇ ਜਾਂਦੇ ਹੋਏ ਮੰਮੀ ਨੂੰ ਕਹਿ ਗਏ ਕਿ ਜੇ ਓਧਰੋਂ ਕੋਈ ਫੋਨ ਆਇਆ ਤਾਂ ਘਰ ਫੋਨ ਕਰਕੇ ਦੱਸ ਦੇਵਾਂਗਾ। ਸ਼ਾਮ ਤੱਕ ਜਦੋਂ ਪਾਪਾ ਦਾ ਫੋਨ ਨਹੀ ਆਇਆ ਤਾਂ ਰਿਸ਼ਤੇ ਬਾਰੇ ਸੋਚ ਸੋਚ ਚਿੰਤਾ ਚ ਮੇਰਾ ਬੁਰਾ ਹਾਲ ਹੋ ਰਿਹਾ ਸੀ । ਸ਼ਾਇਦ ਗੁਰਦੀਪ ਅੰਕਲ ਦਾ ਪਾਪਾ ਨੂੰ ਕੋਈ ਫੋਨ ਨਹੀਂ ਆਇਆ ਇਸ ਲਈ ਪਾਪਾ ਨੇ ਵੀ ਘਰ  ਫੋਨ ਨਹੀਂ ਕੀਤਾ ਸੀ ।

ਜਦੋਂ ਰਾਤ ਤੱਕ ਕੋਈ ਫੋਨ ਨਾ ਆਇਆ ਤਾਂ ਮੈਂ ਆਪਣੇ ਕੋਲੋਂ ਲੱਖਣ ਲਗਾਉਣੇ ਸ਼ੁਰੂ ਕਰ ਦਿੱਤੇ ਕਿ ਪੱਕਾ ਮੁੰਡੇ ਨੇ ਮੇਰੀ ਫੋਟੋ ਦੇਖ ਕੇ ਨਾਂਹ ਕਰ ਦਿੱਤੀ ਹੋਵੇਗੀ। ਹੈ ਵੀ ਤਾਂ ਉਹ ਸੋਹਣਾ ਅਤੇ ਹੈ ਵੀ ਅਮਰੀਕਾ।

ਮੇਰੀ ਵਰਗੀ, ਉਸਨੂੰ ਕਿਵੇਂ ਪਸੰਦ ਆਓ...?

ਇਹ ਵੀ ਹੋ ਸਕਦਾ ਉਸਦੇ ਮਾਂ ਪਿਓ ਅਤੇ ਭੈਣ ਭਰਾਵਾਂ ਨੂੰ ਵੀ ਮੈਂ ਪਸੰਦ ਨਹੀਂ ਆਈ ਹੋਵਾਂ। ਭਾਵੇਂ ਕਿ ਅੰਦਰ ਖਾਤੇ ਮੈਨੂੰ ਇਹ ਗੱਲ ਬਹੁਤ ਤਕਲੀਫ ਦੇ ਰਹੀ ਸੀ ਕਿ ਮੁੰਡਿਆਂ ਵਾਲਿਆ ਨੂੰ ਮੈਂ ਪਸੰਦ ਨਹੀਂ ਅਤੇ ਅੱਖਾਂ ਹੰਝੂਆਂ ਨਾਲ ਭਰ ਰਹੀਆਂ ਸਨ । ਪਰ ਫਿਰ ਵੀ ਮੈਂ ਆਪਣੀਆਂ ਹੀ ਗੱਲਾਂ ਨਾਲ ਆਪਣੇ ਮੰਨ ਨੂੰ ਤਸੱਲੀ ਦੇ ਇਹ ਕਹਿ ਰਹੀ ਸੀ ਕਿ ਓਹ ਮੇਰੇ ਲਈ ਸਹੀ ਨਹੀਂ ਸੀ ਤਾਂ ਹੀ ਵਾਹਿਗੁਰੂ ਜੇ ਨੇ ਗੱਲ ਇੱਥੇ ਹੀ ਖਤਮ ਕਰ ਦਿੱਤੀ । ਪਰ ਦਿਲ ਦੇ ਦਰਦ ਕਿੱਥੇ ਤਸੱਲੀਆਂ ਦੇ ਮਲ੍ਹਮ ਨਾਲ ਠੀਕ ਹੁੰਦੇ ਹਨ । ਮੱਸਿਆ ਦੀ ਉਸ ਹਨੇਰੀ ਰਾਤ ਚ ਰੋ ਰੋ ਕੇ ਮੇਰੇ ਸਿਰ ਤੇ ਥੱਲੇ ਪਿਆ ਸਿਹਰਾਣਾ ਹੰਝੂਆਂ ਨਾਲ ਇਨ੍ਹਾਂ ਭਿੱਜ ਗਿਆ ਜਿਵੇਂ ਪਾਣੀ  ਦਾ ਭਰਿਆ ਗਿਲਾਸ ਹੱਥ ਚੋਂ ਛੁੱਟ ਕੇ ਹੁਣੇ ਹੁਣੇ ਸਿਰਹਾਣੇ ਤੇ ਡਿੱਗਿਆ ਹੋਵੇ। ਸਾਰੀ ਰਾਤ ਰੌਂਦੇ ਰੌਂਦੇ ਮੈਨੂੰ ਪਤਾ ਹੀ ਨਹੀਂ ਲੱਗਾ ਕਦੋ ਮੇਰੀ ਅੱਖ ਲੱਗ ਗਈ।

ਅਗਲੇ ਦਿਨ ਤੜਕੇ ਚਾਰ ਵਜੇ ਉੱਠ ਮੈਂ ਪੰਜ ਬਾਣੀਆਂ ਦਾ ਪਾਠ ਕੀਤਾ ਅਤੇ ਆਪਣੇ ਦਿਲ ਚ ਨਾਪਸੰਦ ਹੋਣ ਦਾ ਦਰਦ ਲਈ ਘਰ ਦੀ ਸਾਫ ਸਫਾਈ ਕਰਨ ਲੱਗ ਗਈ।

ਬਾਦ-ਦੁਪਹਿਰ ਪਾਪਾ ਨੇ ਡਿਊਟੀ ਤੋਂ ਆ, ਰੋਟੀ ਖਾ ਕੇ ਸਾਨੂੰ ਸਭ ਨੂੰ ਆਪਣੇ ਕੋਲ ਬੁਲਾਇਆ। ਮੈਨੂੰ ਘਬਰਾਹਟ ਹੋ ਰਹੀ ਸੀ ਕਿ ਰਿਸ਼ਤਾ ਨਾ ਹੋਣ ਦੀ ਵਜ੍ਹਾ ਕਰਕੇ ਪਾਪਾ ਕੀਤੇ ਮੈਨੂੰ ਨਾ ਡਾਟਣ। ਇਸ ਲਈ ਮੈਂ ਡਰਦੀ  ਡਰਦੀ ਛੋਟੀ ਛੋਟੀ ਪੁਲਾਂਘ ਪੁੱਟਦੀ ਕਮਰੇ ਚੋਂ ਨਿੱਕਲ ਅਜੇ ਦਰਵਾਜੇ ਕੋਲ ਆਈ ਹੀ ਸੀ ਕਿ ਵਿਹੜੇ ਚ ਬੈਠੇ ਪਾਪਾ  ਮੰਮੀ ਨੂੰ ਜੋ ਗੱਲਾਂ ਦੱਸ ਰਹੇ ਸੀ ਸੁਣ ਇਕੱਦਮ ਚੋਂਕ  ਗਈ। ਪਾਪਾ ਮੰਮੀ ਨੂੰ

ਦੱਸ ਰਹੇ ਸੀ ਕਿ ਗੁਰਦੀਪ ਦਾ ਕੱਲ ਰਾਤ ਮੈਨੂੰ ਫੋਨ ਆਇਆ ਸੀ, ਉਹ ਕਹਿੰਦਾ ਸਾਨੂੰ ਕੁੜੀ ਪਸੰਦ ਆ । ਪਰ ਇੱਕ ਵਾਰ ਘਰੇ ਆਉਣਾ ਆ । ਸਾਰੀ ਗੱਲ ਬਾਤ ਬੈਠ ਕੇ ਕਰ ਲਾਵਾਂਗੇ। ਰਾਤ ਮੈਂ ਤਾਂ ਨਹੀਂ ਫੋਨ ਕੀਤਾ ਕਿ ਸਾਰੇ ਸੌਂ ਗੇਟ ਹੋਵੋਗੇ ।

ਕੱਲ ਦਾ ਮੇਰੇ ਦਿਲ ਤੇ ਜੋ ਬੋਝ ਸੀ ਉਹ ਪਾਪਾ ਦੀ ਗੱਲ ਸੁਣ ਕੇ ਲਹਿ ਗਿਆ। ਮੇਰੀ ਖੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਸੀ । ਮੇਰੇ ਪੈਰ ਧਰਤੀ ਤੇ ਨਹੀਂ ਸੀ ਲੱਗ ਰਹੇ । ਮੇਰਾ ਦਿਲ ਕਰ ਰਿਹਾ ਸੀ ਕਿ ਮੈਂ ਪੰਜਾਬੀ ਗਾਣੇ ਲਗਾ ਕੇ ਭੰਗੜਾ ਪਾਵਾਂ ਪਰ ਨਾਲ ਹੀ ਮੈਨੂੰ ਆਪਣੇ ਵੱਲੋ ਲਾਏ ਕਿਆਸਿਆ ਬਾਰੇ ਸੋਚ ਖੁਦ ਉਪਰ ਸ਼ਰਮ  ਵੀ ਆ ਰਹੀ ਸੀ।

ਪਾਪਾ ਦੀ ਗੱਲ ਸੁਣ ਮੰਮੀ ਪਾਪਾ ਨੂੰ ਬੋਲੀ ਕਿ ਤੁਸੀਂ ਆਪਣੀ ਛੁੱਟੀ ਦਾ ਹਿਸਾਬ ਕਿਤਾਬ ਲਗਾ ਕੇ ਉਨ੍ਹਾਂ ਨੂੰ ਦੱਸ ਦਿਉ । ਉਹ ਫਿਰ ਉਸ ਹਿਸਾਬ ਨਾਲ ਆ ਜਾਣ ਗੇ । ਪਰ 15 ਦਿਨ ਦਾ ਸਮਾਂ ਪਾ ਲਿਓ। ਬੰਦਾ ਘਰ ਦੀ ਸਾਫ ਸਫਾਈ ਕਰ ਲੈਂਦਾ ਹੈ । ਸਾਡੇ ਪਰਿਵਾਰ ਚ ਸਾਰੇ ਬਹੁਤ ਖੁਸ਼ ਸੀ। ਸਭ ਤੋਂ ਵੱਧ ਖੁਸ਼ ਮੇਰੀ ਮੰਮੀ ਸੀ ਕਿਓਂਕਿ ਮੇਰੇ ਮੰਮੀ ਜਿਨ੍ਹਾਂ ਸੰਤਾਂ ਨੂੰ ਮੰਨਦੇ ਸਨ ਸ਼ਰਨ ਵੀ ਉਨ੍ਹਾਂ ਸੰਤਾਂ ਨੂੰ ਹੀ ਮੰਨਦਾ ਸੀ। ਮੇਰੇ ਮੰਮੀ ਦੀ ਸ਼ੁਰੂ ਤੋਂ ਇੱਛਾ  ਸੀ ਕਿ ਮੇਰੇ ਬੱਚਿਆਂ  ਦਾ ਵਿਆਹ ਉਸ ਘਰ ਹੀ ਹੋਵੇ ਜੋ ਓਹੀ ਸੰਤਾਂ ਨੂੰ ਮੰਨਦੇ ਹੋਣ  ਜਿਨ੍ਹਾਂ ਨੂੰ ਮੇਰੇ ਮੰਮੀ ਮੰਨਦੇ ਹਨ। ਮੇਰੇ ਮੰਮੀ ਦੀ ਇਹ ਖੁਵਾਈਸ਼  ਪੂਰੀ ਹੋ ਰਹੀ ਸੀ। ਇਸ ਲਈ ਸਾਡੇ ਘਰ ਚੋਂ ਸਭ ਤੋਂ ਵੱਧ ਖੁਸ਼ੀ ਤਾਂ ਮੰਮੀ ਦੇ ਚਿਹਰੇ ਤੇ ਹੀ ਝਲਕ ਰਹੀ ਸੀ ।

ਇਨ੍ਹੇ ਨੂੰ ਹਰਨਾਮ ਕੌਰ, ਹਰਨਾਮ ਕੌਰ,ਕਹਿ ਕੇ ਨਰਸ ਨੇ ਅਵਾਜ ਲਗਾਈ।  "ਇੱਕ ਮਿੰਟ ਰੁਕ ਯਾਰ, ਅਰਸ਼",ਕਹਿ ਸਿਮਰਨ ਆਪਣੀ ਦਾਦੀ ਦਾ ਨਾਮ ਸੁਣ ਕੇ ਨਰਸ ਕੋਲ ਚੱਲੇ ਗਈ।

ਨਰਸ ਦੇ ਕਹੇ ਅਨੁਸਾਰ ਰਿਸੈਪਸ਼ਨ ਤੇ ਪੈਸੇ ਜਮਾਂ ਕਰਵਾ ਕੇ ਸਿਮਰਨ ਮੁੜ ਮੇਰੇ ਕੋਲ ਬੈਠਦੀ ਬੋਲੀ,"ਚੱਲ ਅਰਸ਼ ਸੁਣਾ ਅੱਗੇ ਕੀ ਹੋਇਆ..?"

ਤੈਨੂੰ ਲੱਗਦਾ ਜਿਆਦਾ ਦਿਲਚਪਸੀ ਆ ਹੁਣ ਮੇਰੀ ਕਹਾਣੀ ਚ,ਹੱਸਦੀ ਹੋਈ ਅਰਸ਼ ਸਿਮਰਨ ਨੂੰ ਬੋਲੀ।

ਚੱਲ ਅੱਗੇ ਦੀ ਕਹਾਣੀ ਬਾਅਦ ਚ ਦੱਸਦੀ ਆ, ਯਾਰ । ਪਹਿਲਾ ਬਾਹਰ ਜਾ ਕੇ ਕੁੱਝ ਖਾ ਕੇ ਆਉਂਦੇ ਹਾਂ ਭੁੱਖ ਬਹੁਤ ਲੱਗੀ ਆ। ਮੈਂ ਮੰਮੀ ਨੂੰ ਪੁੱਛ ਕੇ ਆਉਂਦੀ ਆ ਜੇ ਕੁੱਝ

ਖਾਣਾ ਆ ਤਾਂ ਇਹ ਕਹਿ ਅਰਸ਼ ਉੱਠ ਕੇ  ਆਪਣੀ ਮੰਮੀ (ਕੁਲਵਿੰਦਰ ਕੌਰ)ਕੋਲ ਚਲੇਗੀ। ਮੰਮੀ ਤੁਸੀਂ ਕੁੱਝ ਖਾਣਾ, ਅਰਸ਼ ਨੇ ਆਪਣੀ ਮੰਮੀ ਦੇ ਮੋਢੇ ਨੂੰ ਆਪਣੇ ਹੱਥ ਨਾਲ ਹਲਾਉਂਦੇ ਬੋਲੀ ।

ਨਹੀਂ! ਮੈਂ ਨਹੀਂ ਖਾਣਾ ਤੂੰ ਖਾ ਆ, ਅੱਖਾਂ ਬੰਦ ਕੀਤੇ ਹੀ ਕੁਲਵਿੰਦਰ ਕੌਰ ਨੇ ਜਵਾਬ ਦਿੱਤਾ ।

ਅਰਸ਼ ਅਤੇ ਸਿਮਰਨ ਹਸਪਤਾਲ ਦੇ ਬਾਹਰ ਲੱਗੀ ਕੁਲਚੇ ਦੀ ਰੇਹੜੀ ਤੋਂ ਕੁਲਚੇ ਖਾ ਫਿਰ ਮੁੜ ਆ ਕੇ ਕੁਰਸੀਆਂ ਤੇ ਬੈਠ ਗਈਆਂ ਅਤੇ ਅਰਸ਼ ਨੇ ਸਿਮਰਨ ਨੂੰ ਅੱਗੇ ਦੀ ਕਹਾਣੀ ਸੁਣਾਨੀ ਸ਼ੁਰੂ ਕਰ ਦਿੱਤੀ।

ਪਾਪਾ ਨੇ ਅੰਕਲ ਨੂੰ ਫੋਨ ਕਰਕੇ 12 ਤਾਰੀਖ ਨੂੰ ਘਰ ਆਉਣ ਲਈ ਕਹਿ ਦਿੱਤਾ। ਮੈਂ ਬਹੁਤ ਖੁਸ਼ ਸੀ ਅਤੇ ਮੈਂ ਜ਼ਿੰਦਗੀ ਦੀ ਅਸਲੀਅਤ ਚੋਂ ਨਿੱਕਲ ਕੇ ਖੁਆਬਾਂ ਦੀ ਦੁਨੀਆਂ ਚ ਜੀਣਾ ਸ਼ੁਰੂ ਕਰ ਦਿੱਤਾ। ਇੱਕ ਇੱਕ ਘੰਟਾ ਮੇਰੇ ਲਈ ਦਿਨ ਦੇ ਬਰਾਬਰ ਗੁਜਰ ਰਿਹਾ ਸੀ।

ਅਖੀਰ ਉਹ ਦਿਨ ਆ ਗਿਆ, ਜਿਸ ਦਿਨ ਸ਼ਰਨ ਦੇ ਭੂਆ ਫੁਫੜ ਨੇ ਸਾਡੇ ਘਰ ਆਉਣਾ ਸੀ। ਮੈਂ ਸਵੇਰੇ ਸਾਜ਼ਰੇ ਉੱਠ ਘਰ ਦੀ ਸਫਾਈ ਕਰ ਲਈ ਕਿਓਂ ਕਿ ਉਨ੍ਹਾਂ ਨੇ ਪਾਪਾ ਨੂੰ ਫੋਨ ਕਰਕੇ ਕਿਹਾ ਸੀ ਕਿ ਅਸੀਂ ਸਮੇ ਸਿਰ ਆ ਜਾਣਾ ਹੈ ਅਤੇ ਫਿਰ ਸ਼ਾਮ ਨੂੰ ਵਾਪਸ ਮੁੜਨਾ ਹੈ। 11 ਵਜੇ ਤੱਕ ਉਹ ਸਾਡੇ ਘਰ ਆ ਗਏ । ਪਹਿਲਾ ਅਸੀਂ ਉਨ੍ਹਾਂ ਅੱਗੇ ਪਏ ਮੇਜ ਤੇ ਕੋਲ੍ਡ ਡਰਿੰਕ ਦੇ ਨਾਲ ਡਰਾਈ ਫਰੂਟ ਧਰੇ ਅਤੇ ਫਿਰ ਚਾਹ ਨਾਲ ਮਿਠਾਈ ਦਿੱਤੀ।

ਅਸੀਂ ਚਾਹ ਪੀ ਕੇ  ਗੱਲਾਂ ਕਰਨ ਲੱਗ ਗਏ। ਸ਼ਰਨ ਦੇ ਭੂਆ ਫੁਫੜ ਬਹੁਤ ਮੁਲਾਪੜੇ ਸੁਬਾਹ ਦੇ ਸਨ। ਉਨ੍ਹਾਂ ਨਾਲ ਗੱਲਾਂ ਕਰਦੇ ਮਹਿਸੂਸ ਹੀ ਨਹੀਂ ਹੋਇਆ ਕਿ ਉਨ੍ਹਾਂ ਨੂੰ ਮੈਂ ਪਹਿਲੀ ਵਾਰ ਮਿਲ ਰਹੀ ਆ । ਮੰਮੀ ਪਾਪਾ ਅਤੇ ਸ਼ਰਨ ਦੇ ਭੂਆ ਫੁਫੜ ਨੇ ਸ਼ਰਾਧਾ ਤੋਂ ਬਾਅਦ ਪਹਿਲੇ ਨਰਾਤੇ ਨੂੰ ਰੋਕਾ ਕਰਨ ਦੀ ਸਲਾਹ ਕਰ ਲਈ। ਕੁੱਝ ਸਮਾਂ ਗੱਲਾਂ ਬਾਤਾਂ ਕਰ ਮੈਨੂੰ ਪਿਆਰ ਦੇ ਉਹ ਫਿਰ ਆਪਣੇ ਘਰ ਲਈ ਰਾਵਾਨਾ ਹੋ ਗਏ।

ਅਜੇ ਤਾਂ ਸ਼ਰਨ ਨੂੰ ਮੈਂ ਮਿਲੀ ਵੀ ਨਹੀਂ ਸੀ ਪਰ ਉਸ ਦੀ ਫੋਟੋ ਨੇ ਹੀ ਮੇਰੇ ਦਿਲ ਦਿਮਾਗ ਤੇ ਇੱਕ ਐਸਾ ਜਾਦੂ ਕਰ ਦਿੱਤਾ ਕੇ ਨਾ ਚਾਹੁੰਦੇ ਹੋਏ ਵੀ ਮੈਂ ਹਮੇਸ਼ਾ ਉਸ ਬਾਰੇ ਸੋਚਦੀ ਰਹਿੰਦੀ । ਮੈਂ ਜਿਸ ਨੂੰ ਭੰਗੜੇ ਵਾਲੇ ਗੀਤ ਸੁਣਨਾ ਪਸੰਦ ਸੀ ਅਤੇ ਜਿਸਦੇ

ਫੋਨ ਦੀ ਪਲੇਅਲਿਸਟ ਚ ਬਹੁਗਿਣਤੀ ਚ ਭੰਗੜੇ ਵਾਲੇ ਗਾਣੇ ਸਨ ਨੂੰ ਹੁਣ ਰੋਮੈਂਟਿਕ ਗਾਣੇ ਸੁਣਨਾ ਦਿਲ ਨੂੰ ਸਕੂਨ ਪਹਿਚਾਉਂਦਾ ਸੀ । ਸ਼ਰਨ ਦੀ ਫੋਟੋ ਦੇਖ ਦੇਖ ਕੇ ਮੈਂ ਉਸ ਨਾਲ ਆਪਣੇ ਸੁਪਨਿਆਂ ਦਾ ਮਹਿਲ ਸੁਜਾਉਣਾ ਸ਼ੁਰੂ ਕਰ ਦਿੱਤਾ। ਰਾਤ ਨੂੰ ਸੌਣਾ ਤਾਂ ਸ਼ਰਨ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ। ਸਾਦਗੀ ਪਸੰਦ ਕੁੜੀ ਨੂੰ ਹੁਣ ਸੱਜਣਾ ਸਵਰਨਾ ਚੰਗਾ ਲੱਗਣ ਲੱਗ ਗਿਆ ਸੀ। ਪਤਾ ਨਹੀਂ ਇਹ ਪਿਆਰ ਦੀ ਸ਼ੁਰੂਆਤ ਸੀ ਜਾਂ  ਕੁੱਝ ਹੋਰ । ਪਰ ਸਭ ਕੁੱਝ ਬਹੁਤ ਸੋਹਣਾ ਸੋਹਣਾ ਲੱਗ ਰਿਹਾ ਸੀ ।

ਆਖ਼ਿਰ ਦੋਨਾਂ ਪਰਿਵਾਰਾਂ ਵਲੋਂ ਅਕਤੂਬਰ ਚ ਪਹਿਲੇ ਨਰਾਤੇ ਨੂੰ ਰੋਕੇ ਦਾ ਦਿਨ ਮਿਥਿਆ ਗਿਆ । ਸ਼ਰਨ ਨੇ ਸਰਦੀਆਂ ਚ ਵਿਆਹ ਕਰਾਉਣ ਹੀ ਆਉਣਾ ਸੀ ਇਸ ਲਈ ਸ਼ਰਨ ਦੇ ਪਰਿਵਾਰ ਵਲੋਂ ਹੀ ਰੋਕੇ ਦੀ ਰਸਮ ਕੀਤੀ ਜਾਣੀ ਸੀ । ਇੱਦਾਂ ਵੀ ਕਹਿ ਸਕਦੇ ਹੋ ਕਿ ਇਹ ਇੱਕ ਤਰ੍ਹਾਂ ਦਾ ਡਿਜਿਟਲ ਰੋਕਾ ਸੀ ਜਿੱਥੇ ਅਸੀਂ ਦੋਵਾਂ ਨੇ ਵੀਡੀਓ ਕਾਲ ਰਾਹੀਂ ਹੀ ਪਹਿਲੀ ਵਾਰ ਇੱਕ ਦੂਜੇ ਨੂੰ ਦੇਖਣਾ ਸੀ ।

ਦੋ ਮਹੀਨਿਆਂ ਦੇ ਲੰਮੇ ਇੰਤਜਾਰ ਮਗਰੋਂ ਆਖ਼ਿਰ ਉਹ ਭਾਗਾਂ ਵਾਲਾ ਦਿਨ ਆ ਗਿਆ ਜਿਸ ਦਿਨ ਮੇਰਾ ਰੋਕਾ ਹੋਣਾ ਸੀ ਅਤੇ ਮੈਂ ਸ਼ਰਨ ਨੂੰ ਪਹਿਲੀ ਵਾਰ ਦੇਖਣਾ ਸੀ । ਸਾਡਾ ਸਾਰਾ ਪਰਿਵਾਰ ਸਮੇ ਸਿਰ ਸਾਰਾ ਕੰਮ ਕਰਕੇ ਕੇ ਤਿਆਰ ਹੋ ਗਏ। ਮੈਂ ਸੰਤਰੀ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਲੰਬੀ ਗੁੱਤ ਕੀਤੀ ਹੋਈ ਸੀ। ਸ਼ਰਨ ਦਾ ਪੂਰਾ ਪਰਿਵਾਰ 10 ਕੁ ਵਜੇ ਸਾਡੇ ਘਰ ਪਹੁੰਚ ਗਿਆ। ਮੇਰੇ ਮੰਮੀ ਪਾਪਾ ਅਤੇ ਭਰਾ ਨੇ ਉਨ੍ਹਾਂ ਨੂੰ ਸਤਿ ਸ਼੍ਰੀ ਅਕਾਲ ਬੁਲਾ ਡਰਾਇੰਗ ਰੂਮ ਚ ਬਿਠਾ ਦਿੱਤਾ।

ਮੈਂ ਅਤੇ ਮੇਰੇ ਭਰਾ ਨੇ ਕੋਲ੍ਡ ਡਰਿੰਕ ਗਾਲਾਸਾਂ ਚ ਪਾ ਟਰੇ ਚ ਰੱਖ ਸਭ ਨੂੰ ਡਰਾਈ ਫਰੂਟ ਨਾਲ ਵਰਤਾਈ। ਮੰਮੀ ਚਾਹ ਬਣਾਉਣ ਲਈ ਕੁਰਸੀ ਤੋਂ ਉੱਠਣ ਹੀ ਲੱਗੇ  ਸੀ ਕਿ ਸ਼ਰਨ ਦੇ ਭੂਆ ਜੀ  ਬੋਲੇ , "ਭੈਣਜੀ ਰੁਕ ਜੋ, ਪਹਿਲਾ ਰੋਕਾ ਕਰ ਲਈਏ ਫਿਰ ਚਾਹ ਪੀਵਾਂਗੇ। "

ਸ਼ਰਨ ਦੀ ਭੈਣ ਨੇ ਵਟਸਐਪ ਤੇ ਸ਼ਰਨ ਨੂੰ ਵੀਡੀਓ ਕਾਲ ਮਲਾ ਕੇ ਮੈਨੂੰ ਫੋਨ ਫੜਾ ਦਿੱਤਾ ਅਤੇ ਮੈਂ ਫੋਨ ਲੈ ਕੇ ਕਮਰੇ ਚ ਆ ਕੇ ਬੈਡ ਤੇ ਬੈਠ ਗਈ । ਸ਼ਰਨ ਨੇ ਉਸ ਦਿਨ ਹਰੇ ਰੰਗ ਦੀ ਟੀ ਸ਼ਰਟ ਅਤੇ ਸਿਰ ਤੇ ਬ੍ਲੈਕ ਕੈਪ ਪਹਿਨੀ ਹੋਈ ਸੀ।  ਸ਼ਰਨ ਨੂੰ ਦੇਖ ਬੈਡ ਤੇ ਨੀਵੀਂ ਪਾਈ ਬੈਠੀ ਦਾ ਮੇਰਾ ਦਿਲ ਜੋਰ ਜ਼ੋਰ ਦੀ ਧੜਕ ਰਿਹਾ ਸੀ ਅਤੇ ਸ਼ਰਨ ਚੁੱਪ ਚਾਪ ਮੇਰੇ ਵੱਲ ਦੇਖੀ ਜਾ ਰਿਹਾ ਸੀ ।ਸਾਨੂੰ ਦੋਨਾਂ ਨੂੰ ਸਮਝ ਹੀ ਨਹੀਂ ਸੀ ਆ

ਰਿਹਾ ਕਿ ਅਸੀਂ ਇੱਕ ਦੂਜੇ ਨਾਲ ਕੀ ਗੱਲ ਕਰੀਏ। ਦੋਨਾਂ ਪਾਸੇ ਖਾਮੋਸ਼ੀ ਛਾਈ ਹੋਈ ਸੀ । ਇਵੇ ਲੱਗ ਰਿਹਾ ਸੀ ਕਿ ਜਿਵੇ ਸਾਨੂੰ ਸਜ਼ਾ ਮਿਲੀ ਹੋਵੇ ਚੁੱਪ ਰਹਿਣ ਦੀ । ਆਖ਼ਿਰ 10 ਮਿੰਟ ਬਾਅਦ ਮੈਂ ਖਾਮੋਸ਼ੀ ਤੋੜੀ ਤੇ ਸ਼ਰਨ ਨੂੰ ਫੋਨ ਕੱਟਣ ਲਈ ਕਹਿ ਦਿੱਤਾ।

ਫੋਨ ਕੱਟ ਕੇ ਮੈਂ ਮੁੜ ਆ ਕੇ ਸ਼ਰਨ ਦੇ ਪਰਿਵਾਰ ਕੋਲ ਕੁਰਸੀਆਂ ਤੇ ਆ ਕੇ ਬੈਠ ਗਈ । ਸ਼ਰਨ ਦੇ ਚਾਚਾ ਜੀ ਨੇ ਰੋਕੇ ਦੀ ਰਸਮ ਕਰਨ ਲਈ ਅਵਾਜ ਲਗਾਈ । ਮੈਂ ਡਰਾਇੰਗ ਰੂਮ ਚ ਸੋਫਾ ਸੈੱਟ ਤੇ ਸਿਰ ਤੇ ਦੁਪੱਟਾ ਲੈ ਕੇ ਬੈਠ ਗਈ ਅਤੇ ਮੇਰੇ ਨਾਲ ਇੱਕ ਫੋਨ ਜਿਸ ਤੇ ਸ਼ਰਨ ਵੀਡੀਓ ਕਾਲ ਤੇ ਸੀ ਰੱਖ ਦਿੱਤਾ । ਸ਼ਰਨ ਦੀ ਮੰਮੀ ਜੀ ਨੇ ਸ਼ਗੁਨ ਦੀ ਸ਼ੁਰੂਆਤ ਦੋ ਸੂਟ ਮੇਰੇ ਅਤੇ ਸ਼ਰਨ ਦਾ ਸੂਟ ਮੇਰੀ ਝੋਲੀ ਚ ਰੱਖ ਕੇ ਕੀਤੀ । ਫਿਰ ਪੰਜ ਲੱਡੂ ਰੱਖ ਕੇ ਇੱਕ ਲੱਡੂ ਵਿੱਚੋ ਚੁੱਕ ਕੇ ਆਪਣੇ ਸੱਜੇ ਹੱਥ ਨਾਲ ਮੇਰਾ ਮੂੰਹ ਮਿੱਠਾ ਕਰਵਾਇਆ ਅਤੇ ਮਗਰੋਂ ਉਨ੍ਹਾਂ ਨੇ ਪੰਜ ਸੇਬ ਮੇਰੀ ਝੋਲੀ ਚ ਰੱਖ  ਦਿੱਤੇ। ਸ਼ਰਨ ਦੀਆਂ ਭੈਣਾਂ ਨੇ ਮੇਰੇ ਮਹਿੰਦੀ, ਲਿਪਸਟਿਕ, ਬਿੰਦੀ, ਚੂੜੀਆਂ ਅਤੇ ਨੇਲ ਪੈਂਟ ਲਾ ਸ਼ਗੁਨ ਦੀ ਰਸਮ ਨੂੰ ਪੂਰਾ ਕੀਤਾ। ਉਸ ਤੋਂ ਬਾਅਦ  ਮੇਰੇ ਪਾਪਾ ਨੇ ਸ਼ਰਨ ਦੇ ਪਾਪਾ ਨੂੰ ਸ਼ਰਨ ਦੇ ਕੱਪੜਿਆਂ ਉਪਰ 5100 ਰੁਪਏ ਰੱਖ ਕੇ ਫੜਾ ਦਿੱਤੇ। ਫਿਰ ਸ਼ਰਨ ਦੇ ਪਰਿਵਾਰ ਅਤੇ ਮੇਰੇ ਪਰਿਵਾਰ ਵਲੋਂ 500 - 500 ਰੁਪਏ ਦਾ ਮੈਨੂੰ ਸ਼ਗੁਨ ਪਾ ਕੇ ਰੋਕੇ ਦੀ ਰਸਮ ਨੂੰ ਪੂਰਾ ਕੀਤਾ ।

ਦੋਨਾਂ ਪਰਿਵਾਰਾਂ ਨੇ ਇੱਕ ਦੂਜੇ ਨੂੰ ਵਧਾਈ ਦਿੱਤੀ ਅਤੇ ਫਿਰ ਮੰਮੀ ਉੱਠ ਕੇ ਚਾਹ ਬਣਾਉਣ ਚੱਲੇ ਗਏ।

ਇੱਕ ਗੱਲ ਪੁੱਛਾਂ..? ਅਰਸ਼!ਜੇ ਤੂੰ ਬੁਰਾ ਨਾ ਮੰਨੇ ਤਾਂ...........ਸਿਮਰਨ ਨੇ ਝਿੱਜਕਦੀ ਹੋਈ ਬੋਲੀ ।

ਹਾਂ ਹਾਂ ਪੁੱਛੋ..? ਇੱਕ ਦੀਆਂ ਭਾਵੇਂ ਦੋ ਪੁੱਛੋਂ.........?ਮੈਨੂੰ ਕੋਈ ਹਰਜ ਨਹੀਂ ਆ, ਅਰਸ਼ ਬੋਲੀ ।

ਯਾਰ ਮੁੰਡੇ ਵਾਲਿਆਂ ਵੱਲੋਂ ਭੂਆ ਫੁਫੜ,ਚਾਚੇ ਚਾਚੀਆਂ ਉਨ੍ਹਾਂ ਦੇ ਜਵਾਕ ਸਾਰੇ ਆਏ ਪਰ ਤੁਹਾਡੇ ਵੱਲੋ ਸਿਰਫ ਤੁਸੀਂ ਚਾਰ ਜੀਅ....?

ਪਹਿਲਾਂ ਤਾਂ ਅਰਸ਼ ਚੁੱਪ ਰਹੀ ਫਿਰ ਇੱਕ ਹੋਕਾ ਜਿਹਾ ਲੈ ਕੇ ਬੋਲੀ, "ਦਰਅਸਲ ਯਾਰ, ਮੇਰੇ ਤਾਏ ਮੇਰਾ ਰਿਸ਼ਤਾ ਕਿਸੇ ਵੀ ਜਗ੍ਹਾ ਹੋਣ ਨਹੀਂ ਸੀ ਦਿੰਦੇ। ਜਿੱਥੇ ਵੀ ਰਿਸ਼ਤੇ ਦੀ

ਗੱਲ ਚਲਦੀ ਭਾਨੀ ਮਾਰ ਦਿੰਦੇ ਸੀ । ਜਿਸ ਗੱਲ ਤੋਂ ਮੇਰੇ ਮੰਮੀ ਪਾਪਾ ਬਹੁਤ ਪ੍ਰੇਸ਼ਾਨ ਰਹਿੰਦੇ ਸਨ । ਇਸ ਲਈ ਜਦੋਂ ਇਸ ਰਿਸ਼ਤੇ ਦੀ ਗੱਲ ਚੱਲੀ ਸੀ ਤਾਂ ਅਸੀਂ ਸਭ ਨੇ ਸਲਾਹ ਕੀਤੀ ਸੀ ਕਿ ਅਸੀਂ ਕਿਸੇ ਨੂੰ ਇਸ ਰਿਸ਼ਤੇ ਬੜੇ ਉਨ੍ਹਾਂ ਸਮਾਂ ਨਹੀਂ ਦੱਸਾਂ ਗੇ ਜਿਨ੍ਹਾਂ ਸਮਾਂ ਵਿਆਹ ਦੀ ਤਾਰੀਖ ਨਹੀਂ ਮਿੱਥੀ ਜਾਂਦੀ । ਇਹ ਰਿਸ਼ਤੇ ਅਸੀਂ ਉਨ੍ਹਾਂ ਤੋਂ ਚੋਰੀ ਕਰ ਰਹੇ ਸੀ। ਇਸ ਲਈ ਮੰਮੀ ਪਾਪਾ ਨੇ ਸਲਾਹ ਕੀਤੀ ਕਿ ਮੇਰੇ ਦਾਦਕਿਆ ਚੋਂ ਕਿਸੇ ਨੂੰ ਵੀ ਰੋਕੇ ਤੇ ਨਹੀਂ ਬੁਲਾਉਣਾ। ਸਿਰਫ ਵਿਆਹ ਦਾ ਹੀ ਉਨ੍ਹਾਂ ਨੂੰ ਦੱਸਾਂਗੇ ।

ਮੈਂ ਜਾਣਦੀ ਹਾਂ ਕਿ ਸੁਣਨ ਚ ਤੈਨੂੰ ਅਜੀਬ ਲੱਗੇਗਾ ਪਰ ਮੇਰਾ ਦਾਦਕਾ ਪਰਿਵਾਰ ਸਾਡਾ ਬੁਰਾ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ । ਸੱਚ ਕਹਾਂ ਤਾਂ ਮੈਂ ਇਸ ਗੱਲ ਤੇ ਅੱਜ ਯਕੀਨ ਕਰਦੀ ਹਾਂ ਕਿ ਚਾਚੇ ਤਾਏ ਸ਼ਰੀਕ ਹੀ ਹੁੰਦੇ ਨੇ । ਆਪਣੇ ਨਹੀਂ ਕਿਉਂਕਿ ਜੇ ਆਪਣੇ ਹੁੰਦੇ ਤਾਂ ਸਾਡਾ ਬੁਰਾ ਕਰਨ ਬਾਰੇ ਨਹੀਂ ਸੋਚਦੇ ।

ਸਿਮਰਨ ਹੈਰਾਨ ਹੁੰਦੇ ਹੋਏ,"ਹਾਏ!ਇਵੇ ਦੇ ਨੇ ਤੇਰੇ ਦਾਦਕੇ ।" ਵਾਹਿਗੁਰੂ ਦਾ ਸ਼ੁਕਰ ਹੈ ਮੇਰੇ ਤਾਏ ਚਾਚੇ ਇਵੇ ਦੇ ਨਹੀਂ ਹਾਂ ਓਹ ਤਾਂ ਬਹੁਤ ਚੰਗੇ ਅਤੇ ਭਲੇਮਾਨਸ ਨੇ । ਜਾਨ ਦੇਣ ਤੱਕ ਜਾਂਦੇ ਨੇ ਸਾਡੇ ਤੇ। ਉਨ੍ਹਾਂ ਨੇ ਤਾਂ ਅੱਜ ਤੱਕ ਆਪਣੇ ਬੱਚਿਆਂ ਅਤੇ ਸਾਡੇ ਵਿੱਚ ਫਰਕ ਨਹੀਂ ਕੀਤਾ । ਤਾਂਹੀ ਸ਼ਾਇਦ ਅਸੀਂ ਅੱਜ ਤੱਕ ਸਾਂਝੇ ਪਰਿਵਾਰ ਚ ਰਹਿੰਦੇ ਹਾਂ ।

ਅਰਸ਼ ਉਦਾਸ ਹੁੰਦੀ ਹੋਈ ਬੋਲੀ, ਹਰ ਇੱਕ ਦੀਆਂ ਮੱਥੇ ਦੀਆਂ ਲਕੀਰਾਂ ਇਕੋ ਜਹੀਆਂ ਨਹੀਂ ਹੁੰਦੀਆਂ ਯਾਰ। ਸ਼ਇਦ ਹੋ ਸਕਦਾ ਅਸੀਂ ਪਿਛਲੇ ਜਨਮ ਚ ਉਨ੍ਹਾਂ ਨਾਲ ਮਾੜਾ ਕੀਤਾ ਹੋਵੇ , ਜੋ ਇਸ ਜਨਮ ਚ ਓਹ ਸਾਡੇ ਕੋਲੋਂ ਬਦਲਾ ਲੈ ਰਹੇ ਨੇ। ਇਹ ਤਾਂ ਕਰਮਾਂ ਦਾ ਖੇਲ ਹੈਂ । ਜੋ ਹਰ ਇੱਕ ਨੂੰ ਭੋਗਣਾ ਹੀ ਪੈਂਦਾ ਹੈ।

ਚੱਲ ਇਹ ਛੱਡ,ਅੱਗੇ ਦੀ ਕਹਾਣੀ  ਸੁਣਾਦੀ ਹਾਂ,ਤੈਨੂੰ। ਮੇਰੇ ਮੰਮੀ  ਚਾਹ ਬਣਾਉਣ ਲੱਗ ਗਏ ਅਤੇ ਮੈਂ ਅਤੇ ਮੇਰੇ ਭਰਾ ਨੇ ਇੱਕ ਪਲੇਟ ਚ ਗੋਬੀ ਅਤੇ ਪਨੀਰ ਵਾਲੇ ਅਤੇ ਦੂਜੀ ਪਲੇਟ ਵਿੱਚ ਬ੍ਰੇਡ ਵਾਲੇ ਪਕੌੜੇ, ਕੋਲੀਆਂ ਚ ਹਰੀ ਅਤੇ ਲਾਲ ਚਟਨੀ ਪਾ ਕੇ ਮੇਜ ਉਪਰ ਉਨ੍ਹਾਂ ਅੱਗੇ ਧਰ ਦਿੱਤੀ । ਡਿਸ਼ ਪਲੇਟਾਂ ਮੇਰੇ ਭਰਾ ਨੇ ਪਹਿਲਾ ਹੀ ਮੇਜ ਤੇ ਰੱਖ ਦਿੱਤੀਆਂ ਸੀ।

ਪਾਪਾ ਉਨ੍ਹਾਂ ਨਾਲ ਬੈਠ ਕੇ ਪਕੌੜੇ ਖਾਣ ਲੱਗ ਗਏ। ਮੈਂ ਅਤੇ ਮੇਰਾ ਭਰਾ ਰਸੋਈ ਚ ਆ ਕੇ ਖੜ੍ਹਾ ਗਏ। ਕੁੱਝ ਸਮੇ ਬਾਅਦ ਪਾਪਾ ਨੇ ਮੇਰੇ ਭਰਾ ਜਾਨੀਕਿ ਗੁਰਜੀਤ ਨੂੰ ਅਵਾਜ ਮਾਰ ਕੇ ਭਾਂਡੇ ਚੁੱਕਣ ਲਈ ਕਿਹਾ। ਜਿੰਨੇ ਸਮੇ ਨੂੰ ਗੁਰਜੀਤ ਨੇ ਭਾਂਡੇ ਚੁੱਕੇ ।

ਮੈਂ ਦੋ ਹੋਰ ਪਲੇਟਾਂ ਚ ਰਸਗੁੱਲੇ ਅਤੇ ਬਰਫੀ ਪਾ, ਕੱਪਾਂ ਚ ਚਾਹ ਪਾ ਲਈ ।

ਸਭ ਨੂੰ ਚਾਹ ਫੜਾ ਅਸੀਂ ਉੱਥੇ ਉਨ੍ਹਾਂ ਲਾਗੇ ਬੈਠ ਕੇ ਗੱਲਾਂ ਕਰਨ ਲੱਗ ਗਏ।

ਸ਼ਰਨ ਦੀ ਭੂਆ ਸ਼ਰਨ ਦੀ ਭੈਣ ਸਰਬਜੀਤ ਨੂੰ ਅਵਾਜ ਮਾਰ ਕੇ ਸ਼ਰਨ ਦਾ ਫੋਨ ਨੰਬਰ ਮੈਨੂੰ ਅਤੇ ਮੇਰਾ ਫੋਨ ਨੰਬਰ ਸ਼ਰਨ ਨੂੰ ਸੇਂਡ ਕਰਨ ਨੂੰ ਬੋਲੀ । ਸ਼ਰਨ ਦੀ ਭੈਣ ਨੇ ਨੰਬਰ ਤਾਂ ਸੇਂਡ ਕਰ ਦਿੱਤਾ ਪਰ ਉਸਦੀ ਕਹੀਂ ਗੱਲ ਮੇਰੇ ਦਿਲ ਨੂੰ ਬਹੁਤ ਚੁੱਭੀ ਕਿ, "ਮੇਰੇ ਭਰਾ ਕੋਲ ਨਹੀਂ ਇਨ੍ਹਾਂ ਸਮਾਂ ਹੁੰਦਾ ਗੱਲਾਂ ਮਾਰਨ ਦਾ। " ਭਾਵੇਂ ਕਿ ਗੱਲ ਮੇਰੇ ਦਿਲ ਤੇ ਲੱਗ ਗਈ ਸੀ ਪਰ ਮੈਂ ਉਨ੍ਹਾਂ ਦੀ ਇਸ ਗੱਲ ਨੂੰ ਇਹ ਸੋਚ ਕੇ ਇਗਨੋਰ ਕਰ ਦਿੱਤਾ ਕਿ ਉਨ੍ਹਾਂ ਨੇ ਮਜਾਕ ਚ ਇਹ ਗੱਲ ਕਹੀਂ ਹੋਵੇਗੀ ਕਿਓਂਕਿ ਮੈਂ ਬਹੁਤ ਜਿਆਦਾ ਸਵੇਦਨਸ਼ੀਲ ਅਤੇ ਹਰ ਗੱਲ ਨੂੰ ਬਹੁਤ ਜਲਦੀ ਦਿਲ ਤੇ ਲਗਾ ਲੈਂਦੀ ਹਾਂ। ਕਈ ਵਾਰ ਤਾਂ ਗੱਲ ਇਹਨੀ ਵੱਡੀ ਨਹੀਂ ਹੁੰਦੀ ਪਰ ਮੈਂ ਫਿਰ ਵੀ ਉਸਨੂੰ ਦਿਲ ਤੇ ਲਗਾ ਕੇ ਰੋਣਾ ਸ਼ੁਰੂ ਕਰ ਦਿੰਦੀ ਹਾਂ ।

ਇਸ ਲਈ ਮੈਂ ਉਨ੍ਹਾਂ ਦੀ ਗੱਲ ਸੁਣ ਕੇ ਚੁੱਪ ਹੀ ਰਹੀ ਕਿਓਂਕਿ ਸਾਰੇ ਬਹੁਤ ਜਿਆਦਾ ਖੁਸ਼ ਨਜ਼ਰ ਆ ਰਹੇ ਸਨ ਅਤੇ ਮੈਂ ਕੋਈ ਵੀ ਗੱਲ ਕਰਕੇ ਕਿਸੇ ਦਾ ਦਿਲ ਨਹੀਂ ਦਿਖਾਉਣਾ ਚਾਹੁੰਦੀ ਸੀ ।

ਚਾਹ ਪੀਣ ਤੋਂ ਬਾਅਦ ਮੈਂ ਸਾਰੇ ਭਾਂਡੇ ਮੇਜ ਤੋਂ ਚੱਕ ਕੇ ਰਸੋਈ ਚ ਰੱਖ ਦਿੱਤੇ ਅਤੇ ਕੱਪੜੇ ਅਤੇ ਹੋਰ ਸ਼ਗੁਨ ਦਾ ਸਮਾਨ ਲਿਆਂ ਕੇ ਬੈੱਡਰੂਮ ਚ ਬੈਡ ਤੇ ਰੱਖ ਕੇ ਫਿਰ ਜਾ ਕੇ ਉਨ੍ਹਾਂ ਕੋਲ ਬੈਠ ਗਈ ।

ਗੁਰਦੀਪ ਅੰਕਲ ਨੇ ਜਦੋਂ ਘੜੀ ਤੇ ਸਮਾਂ ਦੇਖਿਆ ਤਾਂ ਸ਼ਾਮ ਦੇ ਚਾਰ ਵੱਜ ਗਏ । ਉਨ੍ਹਾਂ ਨੇ ਸਭ ਨੂੰ ਚੱਲਣ ਲਈ ਬੋਲਿਆਂ ਕਿਓਂਕਿ ਸਫ਼ਰ ਲੰਬਾ ਸੀ ਅਤੇ ਘਰ ਪਹੁੰਚਣ ਤੇ ਉਨ੍ਹਾਂ ਨੂੰ ਹਨੇਰਾ ਹੋ ਜਾਣਾ ਸੀ । ਸਾਨੂੰ ਸਭ ਨੂੰ ਮਿਲ ਕੇ ਸ਼ਰਨ ਦਾ ਪਰਿਵਾਰ ਆਪਣੀਆਂ ਕਾਰਾਂ ਚ ਬੈਠ ਕੇ ਆਪਣੇ ਘਰ ਨੂੰ ਰਾਵਨਾ ਹੋ ਗਏ ।

ਉਨ੍ਹਾਂ ਦੇ ਜਾਣ ਦੀ ਦੇਰ ਸੀ ਕਿ ਮੈਂ ਉਨ੍ਹਾਂ ਵੱਲੋ ਦਿੱਤੇ ਸੂਟਾਂ ਨੂੰ ਲਿਫ਼ਾਫ਼ਿਆਂ ਚੋਂ ਕੱਢ ਕੇ ਦੇਖਣਾ ਸ਼ੁਰੂ ਕਰ ਦਿੱਤਾ। ਜਾ ਜਾ,,,,,, ਜਲਦੀ ਜਾ ਕੇ ਸਿਣੇ ਵੀ ਦੇ ਆ, ਗੁਰਜੀਤ ਮੇਰੇ ਵੱਲ ਵੇਖ ਕੇ ਮਜਾਕ ਕਰਦੇ ਹੋਏ ਮੈਨੂੰ ਬੋਲਿਆਂ । ਭਾਵੇਂ ਮੈਨੂੰ ਸੂਟ ਪਸੰਦ ਨਹੀਂ ਸਨ ਪਰ ਫਿਰ ਵੀ ਮੈਂ ਸੂਟ ਸਵਾ ਕੇ ਪਾਉਣ ਦਾ ਸੋਚ ਲਿਆ ਸੀ

ਉਸ ਦਿਨ ਸਾਰੀ ਰਾਤ ਮੈਂ ਸ਼ਰਨ ਦੇ ਕਾਲ ਦਾ ਇੰਤਜ਼ਾਰ ਕਰਦੀ ਰਹੀ ਕਿਓਂਕਿ ਮੈਂ

ਸੁਣਿਆ ਸੀ ਕਿ ਮੁੰਡੇ ਨੰਬਰ ਮਿਲਣ ਤੋਂ ਬਾਅਦ ਉਸੇ ਦਿਨ ਫੋਨ ਕਰ ਦਿੰਦੇ ਹਾਂ । ਇਸ ਕਰਕੇ ਪਤਾ ਨਹੀਂ ਕਿੰਨੀ ਵਾਰ  ਵਟਸਐਪ ਖੋਲ ਮੈਂ ਸ਼ਰਨ ਦਾ ਲਾਸਟ ਸੀਨ ਚੈੱਕ ਕਰਦੀ ਰਹੀ । ਸ਼ਰਨ ਨੂੰ ਔਨਲਾਈਨ ਦੇਖ ਮੈਨੂੰ ਚਿੜ ਚੜ੍ਹ ਰਹੀ ਸੀ ਕਿ ਪਤਾ ਨਹੀਂ ਕਿਸ ਨਾਲ ਬੀਜੀ ਆ..? ਕਿਸ ਨਾਲ ਗੱਲ ਕਰ ਰਿਹਾ ਹੈਂ.....? ਕਿਉਂਕਿ ਉਸਦੇ ਵਹਟਸਅੱਪ ਤੇ ਕੋਈ ਪਰਾਈਵੇਸੀ ਨਹੀਂ ਲੱਗੀ ਸੀ।

ਪਰ ਮੈਨੂੰ ਇੱਕ ਮੈਸਜ ਵੀ ਨਹੀਂ ਲਈ ਸਮਾਂ ਨਹੀਂ । ਮੇਰੀ ਸਾਰੀ ਰਾਤ ਖਿੱਝਦੀ ਦੀ ਹੀ ਨਿੱਕਲ ਗਈ। ਇੱਕ ਵਾਰ ਤਾਂ ਮੇਰੇ ਮਨ ਚ ਖਿਆਲ ਆਇਆ ਕਿ ਕੀਤੇ ਕਿਸੇ ਕੁੜੀ ਨਾਲ ਸ਼ਰਨ ਦੀ ਗੱਲ ਬਾਤ ਤਾਂ ਨਹੀਂ। ਜੋ ਸਾਰਾ ਦਿਨ ਔਨਲਾਈਨ ਰਹਿੰਦਾ ਹੈਂ ਵਟਸਐਪ ਤੇ । ਪਰ ਫਿਰ ਸੋਚਿਆ ਜੇ ਹੁੰਦੀ ਤਾਂ ਮੇਰੇ ਨਾਲ ਰਿਸ਼ਤਾ ਕਿਉਂ ਕਰਦਾ.....?

ਅਗਲੇ ਦਿਨ ਮੈਂ ਤੜਕੇ ਉਠਦੇ ਸਾਰ ਫਿਰ ਤੋਂ ਫੋਨ ਦਾ ਇੰਟਰਨੈਟ ਓਨ ਕਰਕੇ ਵਟਸਐਪ ਖੋਲ ਚੈੱਕ ਕੀਤਾ ਕਿ ਸ਼ਰਨ ਦਾ ਕੋਈ ਮੈਸਜ ਜਾਂ ਫੋਨ ਤਾਂ ਨਹੀਂ ਆਇਆ। ਪਰ ਮੈਸਜ ਨਾ ਆਇਆ ਦੇਖ ਕੇ ਮੈਂ ਉਦਾਸ ਹੋਕੇ ਮੂਧੇ ਮੂੰਹ ਫਿਰ ਬੈਡ ਤੇ ਲੇਟ ਗਈ । ਇਕ ਵਾਰ ਤਾਂ ਦਿਲ ਕੀਤਾ ਮੈਂ ਆਪ ਸ਼ਰਨ ਨੂੰ ਮੈਸਜ ਕਰ ਲਵਾ ਪਰ ਉਸੇ ਵੇਲੇ ਮੰਨ ਚ ਖਿਆਲ ਆਇਆ ਕੇ ਅਗਲਾ ਕੀ ਸੋਚੁ ਕੇ ਇਸਨੂੰ ਇਹਨੀ ਕਾਹਲੀ ਆ, ਮੇਰੇ ਨਾਲ ਗੱਲ ਕਰਨ ਦੀ । ਕੀਤੇ ਅਗਲਾ ਮੇਰੇ ਬਾਰੇ ਗਲਤ ਹੀ ਨਾ ਸੋਚ ਲਵੇ। ਅਖੀਰ ਅਧਬੁਝੇ ਮੰਨ ਨਾਲ, ਮੈਂ ਫੋਨ ਬੈਡ ਤੇ ਉਪਰ ਰੱਖ ਕੇ ਫ਼ਰਸ਼ ਤੇ ਪਈ ਚੱਪਲ ਪਾਉਂਦੇ ਕਿਹਾ ,"ਚਲ ਅਰਸ਼ ਕੁੜੇ ਆਪਣੇ ਖਿਆਲੀ ਪੁਲਾਉ ਚੋ ਨਿਕਲ ਅਤੇ ਘਰ ਦੇ ਕੰਮ ਕਰ । ਜਿਹਦੀਆਂ ਸੋਚਾਂ ਚ ਗੁਵਾਚੀ ਆ ਓਹਨੇ ਨਹੀਂ ਕਰਨਾ,ਆ ਕੇ  ਤੇਰਾ ਕੰਮ । ਆਪ ਨੂੰ ਹੀ ਹੱਡ ਹਲੋਣੇ ਪੈਣੇ ਆ ।।

ਮੈਂ ਇਸ਼ਨਾਨ ਕਰਕੇ ਪੰਜਾਂ ਬਾਣੀਆਂ ਦਾ ਪਾਠ ਕਰਕੇ ਘਰ ਚ ਝਾੜੂ ਪੋਚਾ ਲਗਾ ਕੇ ਮੰਮੀ ਕੋਲ ਬੈਠ ਕੇ ਗੱਲਾਂ ਕਰਨ ਲੱਗੀ । ਗੱਲਾਂ ਗੱਲਾਂ ਵਿਚ ਮੰਮੀ ਨੇ ਮੈਨੂੰ ਦੱਸਿਆ ਕਿ ਸ਼ਰਨ ਦੇ ਮੰਮੀ ਬਹੁਤ ਬਿਮਾਰ ਨੇ ਤੂੰ ਓਹਦੀ ਭੈਣ ਨੂੰ ਫੋਨ ਕਰਕੇ ਓਹਦੀ ਮੰਮੀ ਦਾ ਹਾਲ ਚੱਲ ਪੁੱਛ ਲੈ । ਮੈਂ ਮੰਮੀ ਨੂੰ ਤਾਂ ਹੂੰ ਕਹਿ ਦਿੱਤਾ ਪਰ ਮੇਰਾ ਬਿਲਕੁਲ ਦਿਲ ਨਹੀਂ ਸੀ ਫੋਨ ਕਰਨ ਦਾ ਕਿਓਂਕਿ ਸਰਬਜੀਤ ਦੀ ਕਹੀ ਗੱਲ ਅਜੇ ਵੀ ਮੇਰੇ ਦਿਮਾਗ ਚ ਘੁੰਮ ਰਹੀ ਸੀ । ਪਰ ਕਹਿੰਦੇ ਨੇ ਨਾ, "ਗੱਲ ਪਿਆ ਢੋਲ ਵਜਾਉਣਾ ਪੈਂਦਾ ਹੈ। ਦਿਲ ਕਰੇ ਚਾਹੇ ਨਾ ਪਰ ਹਾਲ ਚਾਲ ਪੁੱਛਣਾ ਮੇਰਾ ਫਰਜ਼ ਸੀ।" ਬੱਸ ਫਿਰ ਸ਼ਾਮ ਨੂੰ ਮੈਂ ਵੀ ਅਨਮੰਨੇ ਮਨ ਨਾਲ ਫੋਨ ਚਰਜਿੰਗ ਤੋਂ ਲਾਹ ਕੇ ਸਰਬਜੀਤ ਦੀਦੀ ਦਾ ਫੋਨ

ਨੰਬਰ ਡਾਇਲ ਕੀਤਾ ।

ਫੋਨ ਦੀਆਂ ਤਿੰਨ ਰਿੰਗ ਜਾਣ ਤੇ ਉਨ੍ਹਾਂ ਨੇ ਫੋਨ ਚੱਕ ਲਿਆ ।

ਸਰਬਜੀਤ :- ਹੈਲੋ

ਮੈਂ :-ਸਤਿ ਸ਼੍ਰੀ ਅਕਾਲ ਦੀ

ਸਰਬਜੀਤ :-ਸਤਿ ਸ਼੍ਰੀ ਅਕਾਲ ਭਾਬੀ ਕਿਵੇਂ ਹੋ...?

ਮੈਂ:-ਵਧੀਆ ਦੀਦੀ । ਤੁਸੀਂ ਸੁਣਾਓ ਕਿਵੇਂ ਹੋ..?

ਸਰਬਜੀਤ:-ਵਧੀਆ ਅਸੀਂ ਵੀ

ਮੈਂ:-ਦੀਦੀ ਅੰਕਲ ਅੰਟੀ ਕਿਵੇਂ ਨੇ..?

ਮੰਮੀ ਦੱਸ ਰਹੇ ਸੀ ਕਿ ਬਿਮਾਰ ਹੋ ਗਏ ਇਥੋਂ ਜਾ ਕੇ।

ਸਰਬਜੀਤ:-ਹਾਂਜੀ, ਬੱਸ ਮੰਮੀ ਕੋਲੋਂ ਸਫ਼ਰ ਨਹੀਂ ਹੁੰਦਾ, ਭਾਬੀ ।

ਮੈਂ:-ਠੀਕ !ਹੋਰ ਸੁਣਾਓ..?

ਸਰਬਜੀਤ :-ਕੁੱਝ ਨਹੀਂ..!ਤੁਹਾਡਾ ਨੰਬਰ ਨਹੀਂ ਦਿੱਤਾ ਮੈਂ ਸ਼ਰਨ ਨੂੰ। ਮੈਨੂੰ ਚੇਤਾ ਭੁੱਲ ਗਿਆ । ਅੱਜ ਸੇਂਡ ਕਰੁ ਉਸਨੂੰ।

ਮੈਂ:-ਜੀ

ਸਰਬਜੀਤ:-ਭਾਬੀ..! ਮੇਰਾ ਭਰਾ ਤਾਂ ਬਹੁਤ ਸਾਊ ਆ । ਮੇਰੀਆਂ ਤਾਂ ਸਾਰੀਆਂ ਸਹੇਲੀਆਂ ਕਹਿੰਦੀਆਂ ਤੇਰਾ ਭਰਾ ਬਹੁਤ ਸੋਹਣਾ। ਆਪਣੇ ਭਰਾ ਵੱਲ ਮੇਰਾ ਰਿਸ਼ਤਾ ਕਰਾ ਦੇ ।

ਮੈਂ:-ਦੀਦੀ, ਕਰਾ ਦੇਣਾ ਸੀ ਜੇ ਇਨ੍ਹਾਂ ਹੀ ਤੁਹਾਡੀ ਸਹੇਲੀਆਂ ਕਹਿੰਦੀਆਂ ਸੀ ।

ਸਰਬਜੀਤ:-ਨਹੀਂ..!ਉਨ੍ਹਾਂ ਦੇ bf ਹੈਗੇ ਨੇ ।

ਮੈਂ:- ਓਕ ਦੀਦੀ

ਸਰਬਜੀਤ:- ਭਾਬੀ ਇੱਕ ਗੱਲ ਪੂਛਾਂ..? ਗੁੱਸਾ ਤਾਂ ਨਹੀਂ ਕਰੋਗੇ।

ਮੈਂ:-ਨਾ ਦੀਦੀ ਤੁਸੀਂ ਪੁੱਛੋਂ..? ਤੁਸੀਂ ਮੇਰੇ ਤੋਂ ਵੱਡੇ ਹੋ ਕੁੱਝ ਵੀ ਪੁੱਛ ਸਕਦੇ ਹੋ.।

ਸਰਬਜੀਤ:-ਤੁਹਾਨੂੰ ਸਾਡੇ ਦਿੱਤੇ ਹੋਏ ਸੂਟ ਪਸੰਦ ਆ ।

ਮੈਨੂੰ ਸੂਟ ਤਾਂ ਬਿਲਕੁਲ ਪਸੰਦ ਨਹੀਂ ਸੀ ਪਰ ਮੈਂ ਨੂੰ ਜ਼ਾਹਿਰ ਨਹੀਂ ਹੋਣ ਦਿੱਤਾ ।

ਮੈਂ: ਹਾਂਜੀ ਦੀਦੀ..! ਸੋਹਣੇ ਨੇ । ਹਰ ਕੋਈ ਆਪਣੇ ਵੱਲੋ ਸੂਟ ਵਧੀਆ ਹੀ ਖਰੀਦਦਾ ਹੈ।

ਸਰਬਜੀਤ: ਉਹ ਤਾਂ ਹੈ ਭਾਬੀ । ਮੇਰੇ ਮੰਮੀ ਲਾਈਟ ਸੂਟ ਪਾਉਂਦੇ ਹਨ ਅਤੇ ਮੇਰੇ ਚਾਚੀ ਡਾਰਕ ਸੂਟ ਪਾਉਂਦੇ ਹਨ ।

ਮੈਂ ਸਮਝ ਤਾਂ ਗਈ ਕੇ ਇਹ ਗੱਲ ਦੀਦੀ ਨੇ ਮੈਨੂੰ ਸੁਣਾ ਕੇ ਕਹੀ ਹੈ ਪਰ ਮੈਂ ਚੁੱਪ ਰਹੀ ਕਿਉਂਕਿ ਮੈਂ ਨਹੀਂ ਸੀ ਚਾਹੁੰਦੀ ਕਿ ਮੇਰੇ ਦਿੱਤੇ ਇੱਕ ਜਵਾਬ ਕਰਕੇ ਕੱਲ ਨੂੰ ਮੈਨੂੰ ਸੁਣਨਾ ਪਵੇ। ਪਰ ਮੈਨੂੰ ਮੇਰੀ ਨਨਾਣ ਦੀਆਂ ਗੱਲਾਂ ਤਕਲੀਫ ਬਹੁਤ ਦੇ ਰਹੀਆਂ ਸੀ ।

ਮੈਂ ਗੱਲਾਂ ਤੋਂ ਬਚਨ ਲਈ ਜਲਦੀ ਨਾਲ ਬਾਏ ਬੋਲ ਫੋਨ ਕੱਟ ਦਿੱਤਾ ।

ਹੈਰਾਨ ਹੁੰਦੀ ਸਿਮਰਨ ਬੋਲੀ, "ਯਾਰ ਕਿਵੇਂ ਦੀ ਨਨਾਣ ਆ ਤੇਰੀ...? ਵੈਸੇ ਅਰਸ਼ ਗੁੱਸਾ ਨਾ ਕਰੀ ਪਰ ਮੈਨੂੰ ਤੇਰੇ ਤੇ ਤੇਰੀ ਨਨਾਣ ਵਿਚਕਾਰ ਹੋਈ ਵਾਰਤਾਲਾਪ ਸੁਣ ਕੇ ਤੇਰੀ ਨਨਾਣ ਦਾ ਸੁਬਾਹ ਬਿਲਕੁਲ ਵੀ ਵਧੀਆ ਨਹੀਂ ਲੱਗਾ।

ਯਾਰ ਵਧੀਆ ਤਾਂ ਮੈਨੂੰ ਵੀ ਨਹੀਂ ਸੀ ਲੱਗਾ ਪਰ ਕਈ ਵਾਰ ਕਿਸੇ ਦੇ ਕਹਿਣ ਦਾ ਮਤਲਬ ਓਵੇ ਨਹੀਂ ਹੁੰਦਾ ਜਿਵੇ ਅਸੀਂ ਸੋਚ ਲੈਂਦੇ ਆ । ਕੀ ਪਤਾ ਉਨ੍ਹਾਂ ਦੇ ਕਹਿਣ ਦਾ ਮਤਲਬ ਓਵੇ ਦਾ ਨਾ ਹੋਵੇ...?

ਚੱਲ ਛੱਡ,ਅੱਗੇ ਦੱਸਦੀ ਆ ਤੈਨੂੰ । ਮੈਂ ਰਾਤ ਦੀ ਰੋਟੀ ਖਾ ਕੇ ਬੈਡ ਤੇ ਲੰਮੇ ਪੈ ਆਪਣੀ ਸਹੇਲੀ ਨਾਲ ਗੱਲ ਕਰ ਰਹੀ ਸੀ ਕੀ ਅਚਾਨਕ ਮੇਰੇ ਫੋਨ ਤੇ ਸ਼ਰਨ ਦੇ ਮੈਸਜ ਦਾ ਨੋਟੀਫਿਕੇਸ਼ਨ ਆਇਆ ।

ਸ਼ਰਨ:-ਹੈਲੋ

SSA

ਮੈਨੂੰ ਮੈਸਜ ਦੇਖ ਮੰਨ ਚ ਸੋਚਿਆ ਕਿ ਕਿੰਨਾ ਅਜੀਬ ਇਨਸਾਨ ਹੈ । ਕੋਈ ਇੱਜਤ ਦੇਣ ਵਾਲੇ ਗੁੰਣ ਹੈ ਇਸ ਚ ਹੈ ਕਿ ਨਹੀਂ...!

ਕਿਵੇਂ ਹੈਲੋ ਅਤੇ ਸਤਿ ਸ਼੍ਰੀ ਅਕਾਲ ਕਿਹਾ..? ਜਿਵੇ ਕਿਸੇ ਬੰਦੇ ਨੇ ਪਾਣੀ ਚ ਜ਼ੋਰ ਦੀ ਪੱਥਰ ਸੁੱਟਿਆ ਹੋਵੇ ।

ਇਹੀ ਸੋਚਦੀ ਨੇ ਮੈ ਬੜੇ ਪਿਆਰ ਨਾਲ ਸ਼ਰਨ ਦੇ ਮੈਸਜ ਦਾ ਜਵਾਬ ਦਿੱਤਾ ।

ਮੈ:- ਸਤਿ ਸ਼੍ਰੀ ਅਕਾਲ ਜੀ ।

ਸ਼ਰਨ:ਕਿੱਦਾਂ..?

ਮੈ-ਵਧੀਆ ਜੀ । ਤੁਸੀਂ ਸੁਣਾਓ ਕਿਵੇਂ ਹੋ..?

ਸ਼ਰਨ-ਵਧੀਆ ਵਧੀਆ । ਵਾਹਿਗੁਰੂ ਜੀ ਦੀ ਫੁੱਲ ਕਿਰਪਾ ।

ਹੋਰ ਕੀ ਕਰਦੇ..?

ਮੈਂ-ਕੁੱਝ ਨਹੀਂ । ਕੰਬਲ ਚ ਬੈਠੀ ਹਾਂ ।

ਸ਼ਰਨ :ਕੋਈ ਕੰਮ ਕਾਰ ਵੀ ਕਰਲੋ ।

ਮੈਂ- ਜੀ । ਤੁਸੀਂ ਦੱਸੋ..? ਤੁਸੀਂ ਕੀ ਕਰਦੇ..?

ਸ਼ਰਨ: ਬੱਸ ਦਿਹਾੜੀ ਲਾ ਰਹੇ ਹਾਂ ।

ਮੈਨੂੰ ਭੈਣ ਨੇ ਹੁਣ ਨੰਬਰ ਭੇਜਿਆ । ਕਹਿੰਦੀ ਆ ਫੋਨ ਨੰਬਰ ਆ ਅਰਸ਼ ਦਾ । ਫੋਨ ਕਰਲੀ ।

ਮੈਂ:- ਓਕ ਜੀ ।

ਹੋਰ ਸੁਣਾਓ..?

ਸ਼ਰਨ: ਬੱਸ ਵਧੀਆ । ਤੁਸੀਂ ਦੱਸੋ..?

ਮੈਂ:-ਮੇਰੇ ਕੋਲ ਤਾਂ ਕੋਈ ਵੀ ਨਹੀਂ ।

ਸ਼ਰਨ :ਚਲੋ ਫਿਰ ਕੱਲ ਕਰਦੇ ਗੱਲ । ਮੈਂ ਚੱਲਾਂ ਕਿਸੇ ਕੰਮ ਹੁਣ।

ਬਾਏ..!

ਮੈਂ:-ਬਾਏ

ਪਹਿਲੇ ਦਿਨ ਸਾਡੀ ਇਨ੍ਹੀ ਕੁ ਹੀ ਗੱਲ ਹੋਈ । ਦਰਅਸਲ ਮੈਨੂੰ ਸਮਝ ਨਹੀਂ ਸੀ ਆ

ਰਿਹਾ ਮੈਂ ਸ਼ਰਨ ਨਾਲ ਕੀ ਗੱਲ ਕਰਾਂ..?ਕਿਉਂਕਿ ਮੇਰਾ ਕਦੇ ਵੀ ਕਿਸੇ ਮੁੰਡੇ ਨਾਲ ਕੋਈ ਰਿਸ਼ਤਾ ਨਹੀਂ ਰਿਹਾ ਸੀ । ਦੋਸਤ ਮੁੰਡੇ ਜਰੂਰ ਸੀ ਪਰ ਉਨ੍ਹਾਂ ਵਾਂਗ ਮੈਂ ਸ਼ਰਨ ਨਾਲ ਗੱਲ ਨਹੀਂ ਕਰ ਸਕਦੀ ਸੀ । ਸ਼ਰਨ ਪਹਿਲਾ ਮੁੰਡਾ ਸੀ ਜੋ ਮੇਰੀ ਜ਼ਿੰਦਗੀ ਚ ਆਇਆ ਸੀ ।

ਸ਼ਰਨ ਨਾਲ ਗੱਲ ਕਰਕੇ ਮੇਰੇ ਦਿਲ ਚ ਇੱਕ ਅਲੱਗ ਤਰ੍ਹਾਂ ਦੀ ਖੁਸ਼ੀ ਅਤੇ ਮੰਨ ਨੂੰ ਸਕੂਨ ਸੀ ।

ਮੈਂ ਨੈੱਟ ਆਫ਼ ਕਰਕੇ ਸ਼ਰਨ ਦੇ ਸੁਪਨੇ ਲੈਂਦੀ ਸੌਂ ਗਈ । ਅਗਲੇ ਦਿਨ ਮੈਂ ਘਰ ਦਾ ਸਾਰਾ ਕੰਮ ਕਰਕੇ ਯੂ ਟਿਊਬ ਤੇ ਪੈਂਟਿੰਗ ਦੀਆਂ ਵੀਡੀਓ ਦੇਖ ਰਹੀ ਸੀ ਕਿ ਸ਼ਰਨ ਦਾ ਮੈਸਜ ਆਇਆ । ਸ਼ਰਨ ਦਾ ਮੈਸਜ ਦੇਖ ਮੈਨੂੰ ਨਵਾਂ ਸੂਟ ਮਿਲਣ ਜਿਨ੍ਹਾਂ ਚਾਅ ਚੜ੍ਹ ਗਿਆ ।

ਸ਼ਰਨ:ਹਾਂਜੀ

ਮੈਂ :ਸਤਿ ਸ਼੍ਰੀ ਅਕਾਲ ਜੀ

ਸ਼ਰਨ:ਸਤਿ ਸ਼੍ਰੀ ਅਕਾਲ

ਕਿੱਦਾਂ..?

ਮੈਂ:ਵਧੀਆ । ਤੁਸੀਂ ਸੁਣਾਓ ਕਿਵੇਂ ਹੋ...?

ਸ਼ਰਨ: ਵਾਹਿਗੁਰੂ ਦੀ ਫੁੱਲ ਕਿਰਪਾ ।

ਮੈਸਜ ਕਰਦੇ ਕਰਦੇ ਸ਼ਰਨ ਨੇ ਮੈਂ ਵਟਸਐਪ ਤੇ ਵੋਇਸ ਕਾਲ ਲਗਾ ਲਈ ਅਤੇ ਕਿਹਾ, " ਫੋਨ ਕਰ ਲੈਂਦੇ । " ਮੈਸਜ ਲਿਖੀ ਜਾਣੇ ਹੋ ।

ਮੈਂ:- ਮੈਨੂੰ ਲੱਗਾ ਤੁਸੀਂ ਵਿਅਸਤ ਹੋਵੋਗੇ ਕੰਮ ਚ । ਤਾਂ ਨਹੀਂ ਕੀਤੀ ਕਾਲ।

ਸ਼ਰਨ:-ਮੈਂ ਇਸ ਲਈ ਨਹੀਂ ਫੋਨ ਕਰਦਾ ਕਿ ਤੇਰੇ ਕੋਲ ਮੰਮੀ ਪਾਪਾ ਹੋਣਗੇ । ਅੱਗੇ ਤੋਂ ਜਦੋਂ ਕੋਈ ਕੋਲ ਨਹੀਂ ਹੁੰਦਾ ਤਾਂ ਕਾਲ ਕਰ ਲਿਆ ਕਰ । ਮੈਨੂੰ ਨਹੀਂ ਪਸੰਦ ਮੈਸਜ ਰਹੀ ਗੱਲ ਕਰਨੀ । ।

ਮੈਂ:-ਜੀ

ਸ਼ਰਨ:-ਕੀ ਕਰਦੇ ਸੀ..?

ਮੈਂ:-ਸੌਂ ਕੇ ਉਠੀ ਸੀ ।

ਸ਼ਰਨ:-ਹੋਰ ਸੌਂ ਲੈਣਾ ਸੀ । ਥੱਕ ਗਈ ਹੋਵੇਗੀ ਸੁੱਤੀ ਸੁੱਤੀ ।

ਸ਼ਰਨ ਦੀ ਗੱਲ ਸੁਣ ਮੇਰਾ ਹਾਸਾ ਨਿਕਲ ਗਿਆ ।

ਸ਼ਰਨ:-ਜਾਨੂ! ਮੈਂ ਕੋਈ ਚੁਟਕਲਾ ਸੁਣਾਇਆ ਆ..?

ਪਰ ਮੇਰਾ ਹਾਸਾ ਰੁਕਣ ਦਾ ਨਾਮ ਨਹੀਂ ਸੀ ਲੈ ਰਿਹਾ ।

ਸ਼ਰਨ:-ਜਾਨੂੰ! ਕੀਤੇ ਹਿੱਲ ਤਾਂ ਨਹੀਂ ਗਈ ।

ਮੈਂ:-ਨਹੀਂ ਸਿੱਧੂ ਸਾਬ! ਮੈਂ ਬਿਲਕੁਲ ਠੀਕ ਆ।

ਸ਼ਰਨ:-ਅੱਛਾ ਅੱਛਾ । ਪਰ ਜਿਵੇ ਤੂੰ ਬੱਤੀ ਦੰਦ ਕੱਢੀ ਜਾ ਰਹੀ ਸੀ, ਮੈਨੂੰ ਲੱਗਾ ਕੀਤੇ ਹਿੱਲ ਗਈ । ਦਿਮਾਗੀ ਡਾਕਟਰ ਨੂੰ ਦਿਖਾਉਣਾ ਪੈਣਾ ਆ ।

ਇੱਦਾਂ ਹੀ ਅਸੀਂ ਦੋਨੋ ਕਿੰਨਾ ਸਮਾਂ ਗੱਲ ਕਰਦੇ ਰਹੇ । ਉਸ ਦਿਨ ਪਹਿਲੀ ਵਾਰ ਮੈਂ ਕਿਸੇ ਮੁੰਡੇ ਨਾਲ ਨੋਨ ਸਟੋਪ 3-4 ਘੰਟੇ ਗੱਲ ਕੀਤੀ । ਮੈਂ  ਹਮੇਸ਼ਾ ਆਪਣੀਆਂ ਭਾਬੀਆਂ ਨੂੰ ਕਹਿੰਦੀ ਹੁੰਦੀ ਸੀ ਕਿ ਮੈਂ ਕਿਸੇ ਵੀ ਮੁੰਡੇ ਨਾਲ ਇਨ੍ਹਾਂ ਲੰਬਾ ਸਮਾਂ ਗੱਲ ਨਹੀਂ ਕਰ ਸਕਦੀ ਅਤੇ ਭਾਬੀ ਹੋਣੀ ਹੱਸਦੇ ਹੋਏ ਕਹਿੰਦੇ ਹੁੰਦੇ ਸੀ ਕਿ ਕੋਈ ਨਾ ਦੀਦੀ ਜਦੋਂ ਤੁਹਾਡਾ ਰਿਸ਼ਤਾ ਹੋਇਆ ਓਦੋਂ ਦੇਖਾਗੇ ।

ਤੁਸੀਂ ਕਿੰਨਾ ਚਿਰ ਗੱਲ ਕਰਦੇ ਹੋ..? ਇਹ ਸਭ ਕਹਿਣ ਦੀਆਂ ਗੱਲਾਂ ਹੁੰਦੀਆਂ ਨੇ ਕਿ ਮੇਰੇ ਕੋਲੋਂ ਗੱਲ ਨਹੀਂ ਹੋਣੀ ।

ਪਰ ਸੱਚੀ ਸ਼ਰਨ ਨਾਲ ਗੱਲ ਕਰਦੇ ਮੈਨੂੰ ਮਹਿਸੂਸ ਹੀ ਨਹੀਂ ਹੋਇਆ ਕਿ ਇਸ ਮੁੰਡੇ ਨਾਲ ਮੈਂ ਪਹਿਲੀ ਵਾਰ ਗੱਲ ਕਰ ਰਹੀ ਆ । ਇੱਦਾਂ ਮਹਿਸੂਸ ਹੋ ਰਿਹਾ ਸੀ ਕਿ ਇਸ ਮੁੰਡੇ ਨਾਲ ਤਾਂ ਮੈਂ ਪਹਿਲਾ ਵੀ ਬਹੁਤ ਵਾਰ ਗੱਲ ਕਰ ਚੁੱਕੀ ਆ । ਪਹਿਲੇ ਦਿਨ ਗੱਲ ਕਰਕੇ ਮੈਨੂੰ ਲੱਗਾ ਕਿ ਮੁੰਡਾ ਸੁਬਾਹ ਦਾ ਤਾਂ ਵਧੀਆ ਹੈ । ਚਲੋ ਵਧੀਆ ਨਿਭੇ ਗੀ ਸਾਡੀ ।

ਹੁਣ ਇਹ ਹਰ ਰੋਜ ਦਾ ਸਿਲਸਲਾ ਹੋ ਗਿਆ ਸੀ । ਮੇਰਾ ਸ਼ਰਨ ਦੇ ਫੋਨ ਦਾ ਇੰਤਜਾਰ ਕਰਨਾ  ਕੀਤੇ ਨਾ ਕੀਤੇ ਮੈਨੂੰ ਵਧੀਆ ਵੀ ਲੱਗਦਾ ਸੀ । ਪਰ ਸਾਡੀ ਗੱਲ ਅਜੇ ਤੱਕ ਓਨੀ ਅੱਗੇ ਨਹੀਂ ਸੀ ਪਹੁੰਚੀ ਕਿ ਅਸੀਂ ਇੱਕ ਦੂਜੇ ਨੂੰ I love you

ਕਹੀਏ । ਪਰ ਅਸੀਂ ਕਦੋ 3-4 ਘੰਟੇ ਤੋਂ 8-8 ਘੰਟੇ ਇੱਕ ਦੂਜੇ ਨਾਲ ਗੱਲ ਕਰਨ ਲਗ ਗਏ ਸਾਨੂੰ ਪਤਾ ਹੀ ਨਹੀਂ ਲੱਗਾ । ਜਦੋਂ ਫੋਨ ਕੱਟ ਕਿ ਸਮਾਂ ਦੇਖਣਾ ਤਾਂ ਇੰਝ ਲੱਗਣਾ ਕਿ ਹੁਣ ਤਾਂ ਅਜੇ ਗੱਲ ਕਰਨ ਲੱਗੇ ਸੀ, ਇਨ੍ਹੀ ਜਲਦੀ ਇਨ੍ਹਾਂ ਸਮਾਂ ਹੋ ਵੀ ਗਿਆ । ਮੈਂ ਕਈ ਵਾਰ ਸੋਚਣਾ ਕਿ ਮੈਂ ਇਨ੍ਹੇ ਘੰਟੇ ਗੱਲ ਕਰਦੀ ਆ ਸ਼ਰਨ ਨਾਲ । ਹੈਰਾਨ ਹੋ ਜਾਣਾ ਇਹ ਸੋਚ ਕੇ ।

ਮੈਨੂੰ ਵਧੀਆ ਲੱਗਦਾ ਸੀ ਆਪਣੀ ਨਿੱਕੀ ਤੋਂ ਨਿੱਕੀ ਗੱਲ ਸ਼ਰਨ ਨਾਲ ਸਾਂਝੀ ਕਰਨਾ । ਆਪਣੇ ਹਰ ਇੱਕ ਦੁੱਖ ਤਕਲੀਫ ਨੂੰ ਉਸਨੂੰ ਦੱਸਣਾ ਅਤੇ ਉਸਦਾ ਬੜੇ ਧਿਆਨ ਨਾਲ ਮੇਰੀ ਹਰ ਗੱਲ ਨੂੰ ਸੁਣਨਾ । ਮੈਂ ਆਪਣੇ ਹਮਸਫ਼ਰ ਦੇ ਰੂਪ ਚ ਇੱਕ ਦੋਸਤ ਪਾ ਕੇ ਬਹੁਤ ਖੁਸ਼ ਸੀ । ਮੈਂ ਹਰ ਕਿਸੇ ਅੱਗੇ ਬੱਸ ਸ਼ਰਨ ਦੀਆਂ ਸਿਫਤਾਂ ਕਰਦੀ ਰਹਿਣਾ । ਸ਼ਰਨ ਦੇ ਭੈਣ ਭਰਾਵਾਂ ਦਾ ਫੋਨ ਆਉਣਾ ਤਾਂ ਮੈਂ ਸਭ ਨਾਲ ਹੱਸ ਕੇ ਗੱਲ ਕਰਨੀ ।

ਇੱਕ ਦਿਨ ਸ਼ਰਨ ਨੇ ਮੈਨੂੰ ਬੋਲਿਆਂ ਕਿ ਉਸਦੇ ਚਾਚੇ ਦਾ ਮੁੰਡਾ ਕੁੜੀ ਮੇਰੇ ਨਾਲ ਵੀਡੀਓ ਕਾਲਿੰਗ ਤੇ ਗੱਲ ਕਰਨਾ ਚਾਹੁੰਦੇ ਹਨ । ਪਰ ਮੈਂ ਸ਼ਰਨ ਨੂੰ ਵੀਡੀਓ ਕਾਲਿੰਗ ਤੇ ਗੱਲ ਕਰਨ ਲਈ ਮਨਾ ਕਰ ਦਿੱਤਾ ਕਿਓਂਕਿ ਸਾਡੇ ਪਰਿਵਾਰ ਚ ਕਦੇ ਵੀ ਕਿਸੇ ਨੇ ਵੀਡੀਓ ਕਾਲ ਤੇ ਗੱਲ ਨਹੀਂ ਸੀ ਕੀਤੀ ਅਤੇ ਮੈਂ ਆਪਣੇ ਆਪ ਨੂੰ ਅਸਹਿਜ ਮਹਿਸੂਸ ਕਰ ਰਹੀ ਸੀ ਵੀਡੀਓ ਕਾਲ ਤੇ ਗੱਲ ਕਰਨ ਲਈ । ਮੇਰੇ ਲਈ ਏਹ ਸਭ ਗੱਲਾਂ ਨਵੀਆਂ ਸੀ।

ਭਾਵੇਂ ਕਿ ਮੈਂ ਸ਼ਰਨ ਨੂੰ ਮਨਾ ਕਰ ਦਿੱਤਾ ਪਰ ਮੇਰੇ ਦਿਲ ਇਵੇ ਉਦਾਸ ਸੀ ਜਿਵੇ ਮੈਂ ਪਤਾ ਨਹੀਂ ਕਿੰਨਾ ਵੱਡਾ ਗੁਨਾਹ ਕਰ ਦਿੱਤਾ ਹੋਵੇ ।

ਮੇਰੇ ਦਿਲ ਦਿਮਾਗ ਚੋਂ ਗੱਲ ਨਿੱਕਲ ਹੀ ਨਹੀਂ ਰਹੀਂ ਸੀ । ਬਾਰ ਬਾਰ ਇੱਕੋ ਗੱਲ ਸੋਚ ਸੋਚ ਮੇਰਾ ਸਿਰਦਰਦ ਹੋਣ ਲੱਗ ਗਿਆ ।ਅਖੀਰ ਮੈਂ ਰਾਤ ਨੂੰ ਸ਼ਰਨ ਨੂੰ ਮੈਸਜ ਕਰ ਵੀਡੀਓ ਕਾਲਿੰਗ ਤੇ ਉਸਦੇ ਭੈਣ ਭਰਾਵਾਂ ਨਾਲ ਗੱਲ ਕਰਨ ਲਈ ਹਾਂ ਕਰ ਦਿੱਤੀ । ਰਾਤ ਨੂੰ ਸ਼ਰਨ ਦੇ ਚਾਚੇ ਦੀ ਕੁੜੀ ਮੁੰਡੇ ਦੀ ਕਾਲ ਆਈ ਪਰ ਮੇਰੇ ਕੋਲ ਫੇਸ ਤੋਂ ਫੇਸ ਗੱਲ ਨਹੀਂ ਸੀ ਹੋ ਰਹੀ । ਬੱਸ ਜਿਨ੍ਹਾਂ ਕੁ ਉਨ੍ਹਾਂ ਨੇ ਪੁੱਛਣਾ ਮੈਂ ਉਨ੍ਹੀ ਗੱਲ ਦਾ ਜਵਾਬ ਦੇ ਦਿੰਦੀ । ਪਰ ਉਨ੍ਹਾਂ ਨੂੰ ਲੱਗ ਰਿਹਾ ਸੀ ਕਿ ਮੈਂ ਘੱਟ ਬੋਲਦੀ ਆ । ਅੱਧਾ ਕੁ ਘੰਟਾ ਗੱਲ ਕਰਕੇ ਕੇ ਮੈਂ ਸ਼ਰਨ ਨੂੰ ਵਟਸਐਪ ਤੇ ਮੈਸਜ ਕਰ ਦਿੱਤਾ ਕੇ ਮੈਨੂੰ ਨੀਂਦ ਆ ਰਹੀ ਅਤੇ ਮੈਂ ਸੌਣ ਲੱਗੀ ਆ ।

ਪਰ ਸ਼ਰਨ ਅਤੇ ਉਸਦੇ ਭੈਣ ਭਰਾਵਾਂ ਦੀਆਂ ਗੱਲਾਂ ਖ਼ਤਮ ਹੋਣ ਦਾ ਨਾਮ ਹੀ ਨਹੀਂ ਸੀ

ਲੈ ਰਹੀਆਂ । ਅਖੀਰ ਕੁੱਝ ਚਿਰ ਬਾਅਦ ਸ਼ਰਨ ਨੇ ਮੈਸਜ ਦੇਖ ਕੇ ਬਾਏ ਬੋਲ ਇਹ ਕਹਿ ਕੇ ਫੋਨ ਕੱਟ ਦਿੱਤਾ ਕੇ ਰਾਤ ਬਹੁਤ ਹੋ ਗਈ ਹੈ, ਹੁਣ ਸਾਰੇ ਸੌਂ ਜਾਓ ।

ਮੈਂ ਤਾਂ ਫੋਨ ਕੱਟ ਵਾਹਿਗੁਰੂ ਦਾ ਸ਼ੁਕਰ ਕੀਤਾ ਕਿਓਂਕਿ ਮੈਨੂੰ ਵੀਡੀਓ ਕਾਲਿੰਗ ਤੇ ਗੱਲ ਕਰਦੇ ਘਬਰਾਹਟ ਹੋ ਰਹੀ ਸੀ ਕਿਓਂਕਿ ਪਹਿਲੀ ਵਾਰ ਵੀਡੀਓ ਕਾਲਿੰਗ ਤੇ ਗੱਲ ਕਰਨਾ ਸੌਖਾ ਨਹੀਂ ਸੀ ਮੇਰੇ ਲਈ । ਸਾਡੇ ਰਿਸ਼ਤੇਦਾਰ ਜੋ ਬਾਹਰ ਸੀ ਓਹ ਵੌਇਸ ਕਾਲ ਹੀ ਕਰਦੇ ਸੀ । ਕਿਸੇ ਨੇ ਵੀ ਕਦੇ ਵੀਡੀਓ ਕੱਾਲ ਨਹੀਂ ਕੀਤੀ ਜਿਸ ਕਰਕੇ ਮੈਂ ਆਦੀ ਨਹੀਂ ਸੀ ਵੀਡੀਓ ਕਾਲ ਤੇ ਗੱਲ ਕਰਨ ਦੀ ।

ਮੇਰੇ ਅਤੇ ਸ਼ਰਨ ਵਿਚਕਾਰ ਸਭ ਕੁੱਝ ਬਹੁਤ ਵਧੀਆ ਚੱਲ ਰਿਹਾ ਸੀ । ਮੈਂ ਬਹੁਤ ਖੁਸ਼ ਸੀ ਕਿ ਮੈਨੂੰ ਬਹੁਤ ਵਧੀਆ ਜੀਵਨਸਾਥੀ ਮਿਲਿਆ ਜੋ ਦੋਸਤ ਦੀ ਤਰ੍ਹਾਂ ਮੇਰੀ ਹਰ ਗੱਲ ਸੁਣਦਾ ਅਤੇ ਸਮਝਦਾ ਹੈਂ ।

ਮੈਂ ਤੇ ਸ਼ਰਨ  ਹੁਣ ਦਿਨ ਰਾਤ ਗੱਲ ਕਰਨ ਲੱਗੇ । ਮੈਂ ਜੋ ਕਿ ਆਪਣੀਆਂ ਭਾਬੀਆਂ ਨੂੰ ਕਹਿੰਦੀ ਸੀ ਕਿ ਮੈਂ ਜਿਆਦਾ ਚਿਰ ਕਿਸੇ ਨਾਲ ਗੱਲ ਨਹੀਂ ਕਰ ਸਕਦੀ ਹੁਣ ਸ਼ਰਨ ਨਾਲ 12-12 ਘੰਟੇ ਫੋਨ ਤੇ ਲੱਗੀ ਰਹਿੰਦੀ । ਸ਼ਰਨ ਨਾਲ ਗੱਲ ਕਰਦੇ ਕਰਦੇ ਸਮੇ ਦਾ ਪਤਾ ਨਹੀਂ ਸੀ ਲੱਗਦਾ ਕਦੋ ਦਿਨ ਤੋਂ ਰਾਤ ਹੋ ਜਾਂਦੀ ।

ਅਖੀਰ ਇੱਕ ਦਿਨ ਮੈਂ ਤੇ ਸ਼ਰਨ ਫੋਨ ਤੇ ਗੱਲ ਕਰ ਰਹੇ ਸੀ ਅਤੇ ਸ਼ਰਨ ਨੇ ਮੈਨੂੰ i love you ਬੋਲ ਦਿੱਤਾ । ਇਹ ਸ਼ਬਦ ਸੁਣਦੇ ਸਾਰ ਮੇਰੇ ਦਿਲ ਦੀ ਧੜਕਣ ਤੇਜ ਹੋ ਗਈ । ਮੈਨੂੰ ਸਮਝ ਹੀ ਨਹੀਂ ਆ ਰਿਹਾ ਸੀ ਕਿ ਮੈਂ ਅੱਗੋਂ ਕੀ ਕਹਾਂ..?

ਇਸ ਦੇ ਪਿੱਛੇ ਇੱਕ ਕਾਰਨ ਸੀ ਕਿ ਮੈਂ ਸ਼ਰਨ ਨੂੰ ਪਿਆਰ ਨਹੀਂ ਸੀ ਕਰਦੀ ਅਤੇ ਸ਼ਰਨ ਨੂੰ ਇਮਪ੍ਰੈੱਸ ਕਰਨ ਲਈ ਮੈਂ ਉਸਨੂੰ i love you ਕਹਿਣਾ ਨਹੀਂ ਸੀ ਚਾਹੁੰਦੀ । ਮੇਰੀ ਸੋਚ ਸੀ ਕਿ i love you ਤੁਸੀਂ ਓਦੋਂ ਹੀ ਕਿਸੇ ਨੂੰ ਕਹੋ ਜਦੋਂ ਕਿਸੇ ਨੂੰ ਤੁਸੀਂ ਸੱਚੇ ਮਨੋ ਪਿਆਰ ਕਰਦੇ ਹੋ । ਦਿਖਾਵੇ ਜਾਂ ਕਿਸੇ ਨੂੰ ਖੁਸ਼ ਕਰਨ ਲਈ ਕੁੱਝ ਨਾ ਕਹੋ ਕਿਉਂਕਿ ਰਿਸ਼ਤੇ ਦਿਲ ਤੋਂ ਜੋੜਨੇ ਚਾਹੀਦੇ ਨੇ ਦਿਖਾਵੇ ਲਈ ਨਹੀਂ।

ਕੁੱਝ ਦੇਰ ਗੱਲਾਂ ਕਰ ਮੈਂ ਫੋਨ ਕੱਟ ਕਰ ਦਿੱਤਾ ਕਿਓਂਕਿ ਉਸ ਦਿਨ ਸ਼ਰਨ ਨੇ ਕਿਸੇ ਕੰਮ ਲਈ ਕੀਤੇ ਬਾਹਰ ਜਾਣਾ ਸੀ । ਸਾਡੀ ਰੋਜ ਗੱਲ ਹੁੰਦੀ ਅਤੇ ਹਰ ਰੋਜ ਓਹ ਮੈਨੂੰ i love you ਕਹਿੰਦਾ ਪਰ ਮੈਂ ਅੱਗੋਂ ਹੱਸ ਕੇ ਸਾਰ ਦਿੰਦੀ ।

ਇੱਕ ਦਿਨ ਸਵੇਰੇ ਸਵੇਰੇ ਪਤਾ ਨਹੀਂ ਮੇਰੇ ਮਨ ਚ ਕੀ ਖਿਆਲ ਆਇਆ..?  ਕਿ ਮੈਂ

ਇੱਕ ਫੋਟੋ ਸ਼ਰਨ ਨੂੰ ਵਟਸਐਪ ਤੇ ਭੇਜ ਦਿੱਤੀ ਜਿਸ ਉੱਤੇ ਲਾਲ ਰੰਗ ਨਾਲ i love you ਲਿਖਿਆ ਹੋਇਆ ਸੀ । ਪਰ ਬਾਅਦ ਚ ਮੈਨੂੰ ਬਹੁਤ ਅਜੀਬ ਲੱਗ ਰਿਹਾ ਸੀ ਕਿ ਮੈਂ ਇੱਦਾਂ ਕਿਉਂ ਕੀਤਾ...?

ਕੁੱਝ ਸਮੇ ਬਾਅਦ ਸ਼ਰਨ ਦਾ i love you too❤️ ਲਿਖ ਕੇ ਰਪਲਾਈ ਆਇਆ ਅਤੇ ਨਾਲ ਹੀ ਉਸਨੇ ਮੈਸਜ ਕੀਤਾ ਕਿ ਉਸ ਕੋਲ ਉਸਦੇ ਕੁੱਝ ਦੋਸਤ ਆਏ ਆ ਇਸ ਲਈ ਓਹ ਅੱਜ ਨਹੀਂ ਫੋਨ ਕਰ ਸਕਦਾ । ਪਰ ਜੇ ਕੁੱਝ ਸਮਾਂ ਇਕੱਲੇ ਨੂੰ ਮਿਲਿਆ ਤਾਂ ਜਰੂਰ ਫੋਨ ਕਰੇਗਾ । ਮੈਂ ਮੈਸਜ ਪੜ੍ਹ ਕੇ ਓਕ ਲਿਖ ਭੇਜ ਦਿੱਤਾ ਅਤੇ ਆਪਣੇ ਘਰ ਦੇ ਕੰਮਾਂ ਚ ਵਿਅਸਤ ਹੋ ਗਈ ।

ਅਗਲੇ ਦਿਨ ਸ਼ਰਨ ਦਾ ਜਦੋ ਫੋਨ ਆਇਆ ਤਾਂ ਓਹ ਬਹੁਤ ਖੁਸ਼ ਸੀ ਅਤੇ ਉਸਦੀ ਖੁਸ਼ੀ ਦਾ ਕਾਰਨ ਸੀ ਮੇਰਾ ਉਸਨੂੰ i love you ਕਹਿਣਾ । ਹੁਣ ਹੋਲੀ ਹੋਲੀ ਮੈਂ ਸ਼ਰਨ ਨਾਲ ਗੱਲ ਕਰਨ ਚ ਆਪਣੇ ਆਪ ਨੂੰ ਸਹਿਜ ਮਹਿਸੂਸ ਕਰਨ ਲੱਗੀ ਸੀ ਅਤੇ ਅਸੀਂ ਜਿਆਦਾਤਰ ਗੱਲ ਵੀਡੀਓ ਕਾਲਿੰਗ ਰਾਹੀਂ ਕਰਦੇ । ਇੱਕ ਦੂਜੇ ਨੂੰ i love you ਕਹਿਣਾ ਤਾਂ ਹੁਣ ਆਮ ਹੋ ਗਿਆ ਸੀ ।

ਅਸੀਂ ਇੱਕ ਦੂਜੇ ਨਾਲ ਹੱਸਦੇ ਰਹਿਣਾ । ਸਾਨੂੰ ਇੱਦਾਂ ਲੱਗਦਾ ਹੀ ਨਹੀਂ ਸੀ ਕਿ ਸਾਡਾ ਰਿਸ਼ਤਾ ਹੁਣ ਹੋਇਆ । ਹਰ ਗੱਲ ਇੱਕ ਦੂਜੇ ਨਾਲ ਸਾਂਝੀ ਕਰਨੀ । ਕਦੇ ਵੀ ਇੱਕ ਦੂਜੇ ਕੋਲ ਅਸੀਂ ਕੋਈ ਗੱਲ ਨਹੀਂ ਸੀ ਛਪਾਉਂਦੇ । ਪਰ ਜਿਨ੍ਹਾਂ ਮੈਂ ਸ਼ਰਨ ਨਾਲ ਅਪਣਾਪਨ ਮਹਿਸੂਸ ਕਰਦੀ ਸੀ ਉਨ੍ਹਾਂ ਹੀ ਸ਼ਰਨ ਦੀ ਭੈਣ ਦੀਆਂ ਗੱਲਾਂ ਮੈਨੂੰ ਦਿਮਾਗੀ ਤੋਰ ਤੇ ਪ੍ਰੇਸ਼ਾਨ ਕਰ ਰਹੀਆਂ ਸੀ ।ਪਰ ਮੈਂ ਕਦੇ ਵੀ ਸ਼ਰਨ ਦੀ ਭੈਣ ਦੀਆਂ ਗੱਲਾਂ ਉਸਨੂੰ ਨਹੀਂ ਦੱਸੀਆਂ ਕਿਓਂਕਿ ਮੈਨੂੰ ਲੱਗਦਾ ਸੀ ਕਿ ਸ਼ਰਨ ਦਾ ਪਰਿਵਾਰ ਜਿਆਦਾ ਮਾਡਰਨ ਹੈਂ ਅਤੇ ਸ਼ਾਇਦ ਸਾਡੇ ਘਰ ਦਾ ਮਾਹੌਲ ਪੁਰਾਣੇ ਤੋਰ ਤਰੀਕੇ ਦਾ ਹੋਣ ਕਰਕੇ ਮੈਂ ਕੁੱਝ ਜਿਆਦਾ ਸੋਚ ਰਹੀ ਹਾਂ । ਮੇਰੇ ਲਈ ਰਿਸ਼ਤਿਆਂ ਚ ਪੈਸੇ ਦੀ ਕੋਈ ਜਗ੍ਹਾ ਨਹੀਂ ਸੀ। ਸਾਡੇ ਜਿਥੇ ਰਸਮ ਰਿਵਾਜ ਭਾਵੇਂ ਉਹ ਰਿਬਨ ਕਟਾਈ ਹੋਵੇ, ਭਾਵੇਂ ਦਿਓਰ ਨੂੰ ਗੋਡੇ ਬਿਠਾਉਣਾ ਬੱਸ ਰਸਮ ਰਿਵਾਜ ਤੱਕ ਸੀਮਿਤ ਸੀ ਸ਼ਗੁਨ 100 -1100/2100 ਤੋਂ ਵੱਧ ਨਾ ਦਿੱਤਾ ਜਾਂਦਾ ਸੀ ਨਾ ਮੰਗਿਆ। ਕੁੱਝ ਰਸਮਾਂ ਤਾਂ ਅਸੀਂ ਕਦੇ ਸੁਣੀਆਂ ਹੀ ਨਹੀਂ ਜਿਵੇ ਵਿਆਹ ਤੋਂ ਪਹਿਲੇ ਵਰਤ ਰੱਖਣਾ ਜਾਂ ਨੂੰਹ ਨੂੰ ਕਮਰੇ ਚ ਵਾੜਨ ਤੋਂ ਪਹਿਲੇ ਸ਼ਗੁਨ ਲੈਣਾ। ਪਰ ਮੈਨੂੰ ਪੈਸੇ ਦੀਆਂ ਗੱਲਾਂ ਤੋਂ ਸੱਚੀ ਚਿੜ ਆਉਣ ਲੱਗ ਗਈ ਸੀ। ਪਰ ਮੈਂ ਸਭ ਗੱਲਾਂ ਤੋਂ ਬਚਣ ਲਈ ਫੋਨ ਤੇ ਘੱਟ ਗਲ ਕਰਨੀ ਸ਼ੁਰੂ

ਕਰ ਦਿੱਤੀਅਤੇ ਕੁੱਝ ਮੰਮੀ ਦਾ ਓਪਰੇਟ ਹੋਣ ਕਰਕੇ ਮੈਂ ਵਿਅਸਤ ਹੋ ਗਈ।

ਪਰ ਲੋਕ ਕਹਿੰਦੇ ਹਨ ਕਿ ਜਦੋਂ ਬੰਦਾ ਜਿਆਦਾ ਖੁਸ਼ ਹੋਵੇ ਉਸਦੀਆਂ ਖੁਸ਼ੀਆਂ ਨੂੰ ਨਜ਼ਰ ਲੱਗ ਜਾਂਦੀ ਹੈਂ ਬੱਸ ਮੇਰੇ ਨਾਲ ਕੁੱਝ ਅਜਿਹਾ ਹੀ ਹੋਣ ਵਾਲਾ ਸੀ ਜਿਸ ਤੋਂ ਮੈਂ ਪੂਰੀ ਤਰ੍ਹਾਂ ਅਣਜਾਣ ਸੀ ।

ਇੱਕ ਰਾਤ 12 ਕੁ ਵਜੇ ਮੈਂ ਸ਼ਰਨ ਨਾਲ ਗੱਲ ਕਰ ਰਹੀ ਸੀ ਕਿ ਵਿੱਚੇ ਹੀ ਸ਼ਰਨ ਦੇ ਛੋਟੇ ਭਰਾ(ਅਮਰਿੰਦਰ )ਦੀ ਕਾਲ ਆ ਗਈ । ਸ਼ਰਨ ਨੇ ਮੈਨੂੰ ਇਹ ਕਹਿ ਕੇ ਫੋਨ ਕੱਟ ਕਿ ਓਹ ਆਪਣੇ ਭਰਾ ਨਾਲ ਗੱਲ ਕਰਕੇ ਹੁਣੇ ਦੁਬਾਰਾ ਫੋਨ ਕਰਦਾ ਹੈਂ  ਅਤੇ ਉਸਨੇ ਆਪਣੇ ਭਰਾ ਨਾਲ ਗੱਲ ਕਰ ਮੈਨੂੰ 10 ਮਿੰਟ ਬਾਅਦ ਫਿਰ ਕਾਲ ਕਰ ਦਿੱਤੀ ।

ਇੱਕ ਕੁ ਵਜੇ ਮੈਂ ਸ਼ਰਨ ਨਾਲ ਗੱਲ ਕਰਕੇ ਸੌਂ ਗਈ ।

ਦੂਜੇ ਦਿਨ ਸਵੇਰੇ 7 ਕੁ ਵਜੇ ਮੈਨੂੰ ਸੁੱਤੀ ਨੂੰ ਫੋਨ ਦੀ ਬੈਲ ਸੁਣਾਈ ਦਿੱਤੀ । ਸਰਦੀਆਂ ਦੇ ਦਿਨ ਹੋਣ ਕਰਕੇ ਮੈਂ ਉੱਠਣ ਦਾ ਮੂਡ ਤਾਂ ਨਹੀਂ ਸੀ ਪਰ ਮੈਂ ਇਹ ਸੋਚ ਸਟੋਰ ਚ ਚਾਰਜ ਲੱਗਾ ਫੋਨ ਉਠਾਉਣ ਚਲੇਗੀ ਕੇ ਕਿਸੇ ਦਾ ਜਰੂਰੀ ਫੋਨ ਨਾ ਹੋਵੇ । ਆਪਣੀਆਂ ਅੱਧ ਖੁੱਲੀਆਂ ਅੱਖਾਂ ਨਾਲ ਜਦੋਂ ਮੈਂ ਫੋਨ ਦੀ ਸਕਰੀਨ ਤੇ ਦੇਖਿਆ ਤਾਂ ਸ਼ਰਨ ਦੇ ਛੋਟੇ ਭਰਾ ਦੀ ਕਾਲ ਆ ਰਹੀ ਸੀ । ਪਹਿਲਾ ਤਾਂ ਇਨ੍ਹੀ ਸਵੇਰੇ ਫੋਨ ਕਰਨ ਤੇ ਮੈਂ ਪਹਿਲਾ ਖਿੱਝੀ ਸੀ ਉੱਤੋਂ ਉਸਦੇ ਪੁੱਛੇ ਸਵਾਲ ਨੇ ਮੈਨੂੰ ਹੋਰ ਖਿਝਾਂ ਦਿੱਤਾ । ਸ਼ਰਨ ਦੇ ਛੋਟੇ ਭਰਾ ਨੇ ਹਾਲ ਚਾਲ ਪੁੱਛ ਕੇ ਮੈਨੂੰਬੋਲਿਆਂ ਕਿ, " ਭਾਬੀ ਰਾਤ ਤਾਂ ਵੀਰਾ ਮੇਰੇ ਨਾਲ ਗੱਲ ਕਰ ਰਿਹਾ ਸੀ, ਤੁਸੀਂ ਇੰਨੀ ਦੇਰ ਨਾਲ ਕਿਉਂ ਸੁੱਤੇ। " ਕਿਸ ਨਾਲ ਇਨ੍ਹੀ ਰਾਤ ਨੂੰ ਗੱਲ ਕਰ ਰਹੇ ਸੀ ।

ਉਸਦਾ ਇਹ ਸਵਾਲ ਸੁਣ ਮੈਨੂੰ ਖਿਝ ਤਾਂ ਬਹੁਤ ਆਈ ਅਤੇ ਦਿਲ ਕਰੇ ਉਸਨੂੰ ਇੱਕ ਦੀਆਂ ਚਾਰ ਸੁਣਾਵਾਂ ਪਰ ਫਿਰ ਮੈਂ ਆਪਣੇ ਮਨ ਨੂੰ ਸ਼ਾਂਤ ਕਰ ਸਿਰਫ ਇਨ੍ਹਾਂ ਹੀ ਬੋਲੀ ਕਿ ਮੈਂ ਆਪਣੀਆਂ ਸਹੇਲੀਆਂ ਨਾਲ ਗੱਲ ਕਰ ਰਹੀ ਸੀ । ਸ਼ਰਨ ਤੋਂ ਬਿਨਾਂ ਵੀ ਮੇਰੀ ਜ਼ਿੰਦਗੀ ਚ ਲੋਕ ਨੇ ਜੋ ਮੈਨੂੰ ਬਹੁਤ ਪਿਆਰ ਕਰਦੇ ਹਾਂ । ਇਨ੍ਹਾਂ ਕਹਿ ਕੇ ਮੈਂ ਫੋਨ ਕੱਟ ਦਿੱਤਾ ।

ਉਸੇ ਦਿਨ ਜਦੋਂ ਸ਼ਰਨ ਦੀ ਕਾਲ ਆਈ ਤਾਂ ਮੇਰਾ ਦਿਲ ਕਰੇ ਉਸਨੂੰ ਹੁਣੇ ਉਸਦੇ ਭਰਾ ਵਾਲੀ ਗੱਲ ਦੱਸ ਦੇਵਾ ਪਰ ਫਿਰ ਮੈਂ ਗੱਲ ਨੂੰ ਟਾਲਣਾ ਹੀ ਜਰੂਰੀ ਸਮਝਿਆ ਕਿਉਂਕਿ

ਮੈਂ ਨਹੀਂ ਚਾਹੁੰਦੀ ਸੀ ਕਿ ਕਿਸੇ ਵੀ ਵਜ੍ਹਾ ਕਰਕੇ ਮੇਰੇ ਅਤੇ ਸ਼ਰਨ ਵਿੱਚ ਕੋਈ ਲੜਾਈ ਝਗੜਾ ਹੋਵੇ । ਮੇਰੀ ਲਟਕਿਆ ਚਿਹਰਾ ਦੇਖ ਸ਼ਰਨ ਨੇ ਕਈ ਵਾਰ ਪੁੱਛਿਆ ਕਿ, "ਕੀ ਗੱਲ ਮਾਣੋ....?" ਬਹੁਤ ਮੁਰਝਾਈ ਪਈ ਆ । ਪਰ ਮੈਂ ਬੁਖਾਰ ਦਾ ਬਹਾਨਾ ਬਣਾ ਕੇ ਗੱਲ ਟਾਲ ਦਿੱਤੀ । ਮੇਰੇ ਮੰਮੀ ਨੇ ਮੈਨੂੰ ਬਚਪਨ ਤੋਂ ਹੀ ਇੱਕ ਗੱਲ ਸਮਝਾਈ ਸੀ ਕਿ ਪੁੱਤ ਰਿਸ਼ਤਿਆ ਨੂੰ ਬੁਚਾਉਣ ਲਈ, ਕਈ ਵਾਰ ਨਿਕੀਆ ਨਿੱਕੀਆਂ ਗੱਲਾਂ ਨੂੰ ਨਜ਼ਰਅੰਦਾਜ ਕਰਨਾ ਪੈਂਦਾ ਹੈਂ । ਇਸ ਲਈ ਮੈਂ ਇਸ ਗੱਲ ਨੂੰ ਅੱਗੇ ਵਧਾਉਣਾ ਜਰੂਰੀ ਨਹੀਂ ਸਮਝਿਆ ।

ਮੈਂ ਤਾਂ ਸ਼ਰਨ ਆਪਸ ਵਿੱਚ ਬਹੁਤ ਖੁਸ਼ ਸਾਂ ਅਤੇ ਸਾਡੇ ਵਿਚਲਾ ਪਿਆਰ ਦਿਨੋਂ ਦਿਨ ਵਧਦਾ ਜਾ ਰਿਹਾ ਸੀ । ਇੱਕ ਦਿਨ ਸ਼ਰਨ ਦੇ ਭਰਾ(ਅਮਰਿੰਦਰ )ਨੇ ਮੈਨੂੰ ਫੋਨ ਕਰਕੇ ਇੱਕ ਨੰਬਰ ਦਿੱਤਾ ਅਤੇ ਉਸਤੇ ਗੱਲ ਕਰਨ ਨੂੰ ਬੋਲਿਆਂ ।ਜਦੋਂ ਮੈਂ ਪੁੱਛਿਆ ਤਾਂ ਪਤਾ ਲੱਗਾ ਕਿ ਓਹ ਉਸਦੀ ਮਗੇਤਰ ਕਿਰਨ ਹੈਂ ਅਤੇ ਓਹ ਮੰਗਿਆ ਹੋਇਆ ਹੈਂ ਜਿਸ ਬਾਰੇ ਸਾਨੂੰ ਪਤਾ ਵੀ ਨਹੀਂ ਸੀ । ਪਰ ਮੈਂ ਇਸ ਗੱਲ ਨੂੰ ਵੀ ਨਜ਼ਰ ਅੰਦਾਜ ਕਰ ਦਿੱਤਾ ।

ਅਮਰਿੰਦਰ ਵੀਰ ਜੀ ਦੇ ਕਹਿਣ ਤੇ ਮੈਂ ਉਸ ਨੰਬਰ ਤੇ ਦੋ ਤਿੰਨ ਵਾਰ ਕਾਲ ਕੀਤੀ ਪਰ ਅੱਗੋਂ ਕੋਈ ਵੀ ਫੋਨ ਨਹੀਂ ਸੀ ਚੱਕ ਰਿਹਾ ।

ਫਿਰ ਰਾਤ ਨੂੰ ਮੈਨੂੰ ਉਸ ਨੰਬਰ ਤੋਂ ਕਾਲ ਆਈ ਤਾਂ ਮੈਂ ਫੋਨ ਚੁੱਕਿਆ । ਪਹਿਲੇ ਦਿਨ ਗੱਲ ਕਰਕੇ ਮੈਨੂੰ ਕਿਰਨ ਦਾ ਸੁਭਾਅ ਬਹੁਤ ਵਧੀਆ ਲੱਗਾ । ਇੱਕ ਤਾਂ ਉਸਦੀ ਉਮਰ 21 ਸਾਲ ਹੋਣ ਕਰਕੇ ਓਹ ਮੈਨੂੰ ਗੱਲਾਂ ਤੋਂ ਬਹੁਤ ਭੋਲੀ ਲੱਗੀ । ਇੱਕ ਦੋ ਦਿਨ ਤਾਂ ਮੈਨੂੰ ਉਸਨਾਲ ਗੱਲ ਕਰਨਾ ਚੰਗਾ ਲੱਗਾ ਪਰ ਫਿਰ ਜਦੋਂ ਓਹ ਸਵੇਰ 6 ਵਜੇ ਤੋਂ ਲੈ ਕੇ ਰਾਤ ਜਦੋਂ ਤੱਕ ਮੇਰਾ ਵਟਸਐਪ ਔਨ ਰਹਿੰਦਾ, ਮੈਸਜ ਕਰਦੀ ਰਹਿੰਦੀ ਤਾਂ ਮੈਂ ਖਿੱਝਣ ਲੱਗ ਗਈ ਕਿਓਂਕਿ ਮੈਨੂੰ ਮੇਰੀ ਜ਼ਿੰਦਗੀ ਚ ਇਨ੍ਹੀ ਦਖ਼ਲਦਾਜੀ ਨਹੀਂ ਪਸੰਦ ਸੀ । ਕੱਚੇ ਰਿਸ਼ਤਿਆਂ ਚ ਇਨ੍ਹਾਂ ਜਿਆਦਾ ਇੱਕ ਦੂਜੇ ਦੀ ਜ਼ਿੰਦਗੀ ਚ ਖੁਸੇ ਰਹਿਣਾ ਮੈਨੂੰ ਬਿਲਕੁਲ ਪਸੰਦ ਨਹੀਂ ਸੀ ।

ਦੂਜਾ ਮੈਨੂੰ ਉਸਦੀ ਝੂਠ ਬੋਲਣ ਦੀ ਆਦਤ ਤੋਂ ਨਫਰਤ ਹੋ ਗਈ ਸੀ। ਅਰਸ਼!ਅਜਿਹਾ ਕੀ ਕਹਿੰਦੀ ਸੀ ਓਹ ਕਿ ਤੈਨੂੰ ਉਸਤੋਂ ਨਫਰਤ ਹੋਣ ਲੱਗ ਗਈ, ਸਿਮਰਨ ਹੈਰਾਨ

ਹੁੰਦੀ ਪੁੱਛਣ ਲੱਗੀ ।

ਯਾਰ ਕੀ ਦੱਸਾਂ ਤੈਨੂੰ..? ਜਦੋਂ ਮੇਰਾ ਰੋਕਾ ਹੋਇਆ ਸੀ ਤਾਂ ਸ਼ਰਨ ਦੇ ਮੰਮੀ ਮੈਨੂੰ ਕਹਿ ਕੇ ਗਏ ਸੀ ਕਿ ਤੂੰ ਜਿਵੇ ਦਾ ਮਰਜੀ ਕੱਪੜਾ ਪਾ ਸਕਦੀ ਆ, ਸਾਨੂੰ ਕੋਈ ਸਮੱਸਿਆ ਨਹੀਂ ਹੈਂ । ਸਾਡੇ ਲਈ ਨੂੰਹ ਅਤੇ ਧੀ ਚ ਕੋਈ ਫਰਕ ਨਹੀਂ ।

ਪਰ ਓਹ ਜਦੋਂ ਫੋਨ ਕਰਦੀ ਸੀ, ਉਸ ਦਾ ਕਹਿਣਾ ਹੁੰਦਾ ਸੀ ਕਿ ਮੰਮੀ ਜੀ ਕਹਿੰਦੇ ਨੇ ਕਿ ਮੈਂ ਨਹੀਂ ਕਦੇ ਤੁਹਾਨੂੰ ਸਲਵਾਰ ਸੂਟ ਤੋਂ ਬਿਨਾਂ ਕੁੱਝ ਹੋਰ ਕੱਪੜੇ ਪਾਉਣ ਦੇਣੇ । ਸਰਦਾਰਾਂ ਦੀਆਂ ਨੂੰਹਾਂ ਦੇ ਤਾਂ ਸਿਰ ਤੇ ਚੁੰਨੀ ਲਈ ਜੱਚਦੀ ਆ । ਮੇਰੀਆਂ ਨੂੰਹਾਂ ਤਾਂ ਸਵੇਰੇ ਚਾਰ ਵਜੇ ਉੱਠ ਕੇ ਪਾਠ ਕਰਿਆ ਕਰਨਗੀਆਂ ।

ਹਾਵ! ਮਤਲਬ ਓਹ ਤੈਨੂੰ ਆਪਣੇ ਕੋਲੋਂ ਹੀ ਗੱਲਾਂ ਬਣਾ ਕੇ ਦੱਸਦੀ ਰਹਿੰਦੀ ਸੀ, ਸਿਮਰਨ ਚੋਂਕਦੇ ਹੋਏ ਬੋਲੀ ।

ਪਤਾ ਨਹੀਂ ਯਾਰ, ਵਾਹਿਗੁਰੂ ਜਾਣਦਾ ਕੌਣ ਸੱਚ ਬੋਲਦਾ ਸੀ ਅਤੇ ਕੌਣ ਝੂਠ । ਪਰ ਮੈਨੂੰ ਉਸਦੀਆਂ ਗੱਲਾਂ ਤੇ ਖਿੱਝ ਆਉਣ ਲੱਗ ਗਈ ਸੀ । ਮੈਨੂੰ ਉਸਦੀਆਂ ਗੱਲਾਂ ਦਿਮਾਗੀ ਤੋਰ ਤੇ ਪ੍ਰੇਸ਼ਾਨ ਕਰਨ ਲੱਗ ਗਈਆਂ ਸੀ । ਪਤਾ ਨਹੀਂ ਓਹ ਚਲਾਕ ਜਿਆਦਾ ਸੀ ਜਾਂ ਮੈਨੂੰ ਉਸਦੀਆਂ ਇਹ ਗੱਲਾਂ ਅਜੀਬ ਲਗਦੀਆਂ ਸੀ ਕਿਉਂ ਕੀ ਓਹ ਹਰ ਵੇਲੇ ਇੱਕੋ ਗੱਲ ਹੀ ਪੁੱਛਦੀ ਰਹਿੰਦੀ ਕਿ ਭਾਜੀ ਦਾ ਫੋਨ ਆਇਆ ਕਿ ਨਹੀਂ । ਦੂਜਾ, ਦੀਦੀ ਭਾਜੀ ਨਾ ਘੱਟ ਬੋਲਦੇ ਨੇ ਉਨ੍ਹਾਂ ਨੂੰ ਜਿਆਦਾ ਬੋਲਣਾ ਪਸੰਦ ਨਹੀਂ । ਮੈਨੂੰ ਗੁੱਸਾ ਆਉਂਦਾ ਸੀ ਕਿ ਮੇਰੇ ਹੋਣ ਵਾਲੇ ਪਤੀ ਬਾਰੇ ਇਹ ਕੌਣ ਹੁੰਦੀ ਆ ਮੈਨੂੰ ਸਲਾਹਾਂ ਦੇਣ ਵਾਲੀ ।

ਕਈ ਵਾਰ ਮੈਂ ਸੋਚ ਲੈਂਦੀ ਕਿ ਸ਼ਾਇਦ ਮੈਂ ਹੀ ਅਜੀਬ ਆ । ਮੈਨੂੰ ਕਿਸੇ ਦੀ ਜ਼ਿੰਦਗੀ ਚ ਕੋਈ ਦਿਲਚਪਸੀ ਨਹੀਂ ਤਾਂ ਹੀ ਸ਼ਾਇਦ ਮੈਨੂੰ ਕਿਸੇ ਦਾ ਵੀ ਮੇਰੀ ਜ਼ਿੰਦਗੀ ਚ ਤਾਂਕ ਝਾਕ ਕਰਨਾ ਬਿਲਕੁਲ ਪਸੰਦ ਨਹੀਂ । ਮੈਨੂੰ ਸਿਰਫ ਸ਼ਰਨ ਨਾਲ ਗੱਲ ਕਰਨਾ ਪਸੰਦ ਸੀ ਅਤੇ ਉਸ ਨਾਲ ਮੈਂ ਸਾਰਾ ਦਿਨ ਗੱਲ ਕਰ ਸਕਦੀ । ਪਰ ਜਦੋਂ ਮੈਂ ਸ਼ਰਨ ਨਾਲ ਗੱਲ ਕਰ ਰਹੀ  ਹੁੰਦੀ ਸੀ ਤਾਂ ਕਿਰਨ ਦਾ ਵਾਰ ਵਾਰ ਮੈਨੂੰ ਵਟਸਐਪ ਤੇ ਮੈਸਜ ਕਰੀ ਜਾਣਾ,ਮੈਨੂੰ ਖਿੱਝ ਦਿਵਾਉਂਦਾ ਸੀ ।

ਸ਼ਰਨ ਦੇ ਭਰਾ ਅਤੇ ਭਰਜਾਈ ਦਾ ਮੈਨੂੰ ਲੋੜ ਤੋਂ ਵੱਧ ਫੋਨ ਕਰਨਾ ਬਿਲਕੁਲ ਪਸੰਦ ਨਹੀਂ ਸੀ ਕਿਓਂਕਿ ਸ਼ਰਨ ਤੋਂ ਇਲਾਵਾ ਮੈਂ ਉਸਦੇ ਕਿਸੇ ਵੀ ਪਰਿਵਾਰਕ ਜੀਅ ਨਾਲ

ਘੰਟਾ, ਸੋਰੀ ਯਾਰ  2-3 ਘੰਟੇ ਗੱਲ ਕਰਨ ਚ ਸਹਿਜ ਨਹੀਂ ਸੀ । ਇਕ ਮੈਨੂੰ ਡਰ ਸੀ ਕਿ ਅਜੇ ਰਿਸ਼ਤਾ ਹੋਇਆ ਹੈਂ ਅਤੇ ਕੱਚੇ ਰਿਸ਼ਤੇ ਚ ਮੈਂ ਨਹੀਂ ਚਾਹੁੰਦੀ ਸੀ ਕਿ ਮੇਰੇ ਮੂੰਹੋਂ ਕੋਈ ਅਜਿਹੀ ਗੱਲ ਨਿਕਲੇ ਜਿਸ ਨਾਲ ਮੈਨੂੰ ਅੱਗੇ ਜਾ ਕਿ ਪਛਤਾਵਾ ਜਾਂ ਸ਼ਰਨ ਦੇ ਪਰਿਵਾਰ ਕੋਲੋਂ ਕੁੱਝ ਸੁਣਨਾ ਪਵੇ । ਪਰ ਇਹ ਗੱਲ ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ ।

ਮੇਰਾ ਮਨ ਨਹੀਂ ਵੀ ਕਰਦਾ ਤਾਂ ਫਿਰ ਵੀ ਮੈਂ ਗਲ ਕਰਦੀ ਸਭ ਨਾਲ ਪਰ  ਮੈਂ ਉਨ੍ਹਾਂ ਨੂੰ ਕਦੇ ਨਹੀਂ ਮਹਿਸੂਸ ਹੋਣ ਦਿੰਦੀ ਸੀ ਅਤੇ ਸਭ ਨਾਲ ਹੱਸ ਕੇ ਗੱਲ ਕਰਦੀ ਸੀ ।

ਇੱਕ ਦਿਨ ਕਿਰਨ ਨੇ ਮੈਨੂੰ ਮੈਸਜ ਕਰਕੇ ਕਿਹਾ ਕਿ, "ਦੀਦੀ ਆਪਣੀ ਫੋਟੋ ਸੇਂਡ ਕਰਿਓ ਮੈਂ ਦੇਖਣੀ ਆ। "ਮੈਂ ਸੁਣ ਕੇ ਹੈਰਾਨ ਹੋ ਗਈ ਕਿ 6 ਮਹੀਨੇ ਹੋ ਗਏ ਮੇਰੇ ਅਤੇ ਸ਼ਰਨ ਦੇ ਰਿਸ਼ਤੇ ਹੋਏ ਨੂੰ ਅਤੇ ਅਮਰਿੰਦਰ ਵੀਰ ਜੀ ਨੇ ਆਪਣੀ ਮੰਗੇਤਰ ਨੂੰ ਮੇਰੀ ਫੋਟੋ ਤੱਕ ਨਹੀਂ ਦਿਖਾਈ ।

ਇਹ ਕਿਵੇਂ ਹੋ ਸਕਦਾ ਹੈਂ...?

ਮੈਂ ਸ਼ਰਨ ਨੂੰ ਮੈਸਜ ਕੀਤਾ ਕਿ ਤੁਹਾਡੀ ਭਰਜਾਈ ਮੇਰੇ ਕੋਲੋਂ ਮੇਰੀ ਫੋਟੋ ਮੰਗ ਰਹੀ ਹੈਂ । ਮੈਂ ਭੇਜ ਦੇਵਾ ਉਸਨੂੰ । ਸ਼ਰਨ ਨੇ ਨਹੀਂ ਭੇਜਣੀ ਲਿਖ ਕੇ ਮੈਸਜ ਭੇਜ ਦਿੱਤਾ ਅਤੇ ਨਾਲ ਹੀ ਲਿਖਿਆ ਹੋਇਆ ਸੀ ਕਿ ਕਹਿ ਦੇ ਉਸਨੂੰ ਕੀ ਸ਼ਰਨ ਨੇ ਮੈਨੂੰ ਮਨਾ ਕੀਤਾ ਹੈਂ ਕਿ ਕਿਸੇ ਨੂੰ ਫੋਟੋ ਨਹੀਂ ਭੇਜਣੀ ।

ਮੈਂ ਓਵੇ ਹੀ ਕਿਰਨ ਨੂੰ ਮੈਸਜ ਕਰ ਦਿੱਤਾ ਕਿ,"ਸ਼ਰਨ ਨੇ ਮੈਨੂੰ ਮਨਾ ਕੀਤਾ ਹੋਇਆ ਹੈਂ,ਕਿਸੇ ਨੂੰ ਵੀ ਫੋਟੋ ਭੇਜਣ ਤੋਂ। ਪਰ ਉਸਦੇ ਅਗਲੇ ਮੈਸਜ ਤੇ ਜੋ ਉਸਨੇ ਭੇਜਿਆ ਪੜ੍ਹ ਮੈਨੂੰ ਬਹੁਤ ਗੁੱਸਾ ਆਇਆ ।

"ਯਾਰ, ਇੱਦਾਂ ਦਾ ਕੀ ਲਿਖਿਆ ਸੀ ਮੈਸਜ ਚ, ਜੋ ਪੜ੍ਹ ਕੇ ਤੂੰ ਅੱਗ ਬਾਬੁਲਾ ਹੋ ਗਈ", ਪ੍ਰੇਸ਼ਾਨ ਹੁੰਦੀ ਸਿਮਰਨ ਬੋਲੀ ।ਯਾਰ ਉਸ ਚ ਲਿਖਿਆ ਸੀ ਕਿ,"ਤੁਸੀਂ ਵੀਰ ਜੀ ਨੂੰ ਨਾ ਦੱਸਿਓ ਕੇ ਮੈ ਕਿਰਨ ਨੂੰ ਫੋਟੋ ਸੇਂਡ ਕੀਤੀ ਹੈਂ ।

ਜੇ ਉਨ੍ਹਾਂ ਨੇ ਪੁੱਛਿਆ ਤਾਂ ਤੁਸੀਂ ਝੂਠ ਬੋਲ ਦਿਓ । ਪਾਗਲ ਆ ਓਹ, ਜੋ ਤੈਨੂੰ ਇਹੋ ਜਹੀਆਂ ਪੁੱਠੀਆਂ ਸਲਾਹਾਂ ਦਿੰਦੀ ਸੀ ।" ਤੇਰੇ ਲਈ ਤਾਂ ਸ਼ਰਨ ਪਹਿਲਾ ਆ ਅਤੇ ਓਹ ਬਾਅਦ ਚ", ਸਿਮਰਨ ਖਿਝਦੀ ਹੋਈ ਬੋਲੀ ।

ਓਹੀ ਨਾ ਯਾਰ, ਮੈਂ ਸਾਰੇ ਦੇ ਸਾਰੇ ਮੈਸਜ ਦਾ ਸਕ੍ਰੀਨਸ਼ੋਰਟ ਲੈ ਕੇ ਸ਼ਰਨ ਨੂੰ ਭੇਜ ਦਿੱਤਾ। ਮੈਸਜ ਪੜ੍ਹ ਸ਼ਰਨ ਨੇ ਮੈਨੂੰ ਅਤੇ ਆਪਣੀ ਭੈਣ ਨੂੰ ਕਾਨ੍ਫ੍ਰੇਂਸ ਕਾਲ ਤੇ ਲਗਾ ਲਿਆ ਅਤੇ ਆਪਣੀ ਭੈਣ ਨੂੰ ਸਾਰੀ ਗੱਲ ਦੱਸੀ। ਸਰਬਜੀਤ ਦੀਦੀ ਨੇ ਮੈਨੂੰ ਫੋਟੋ ਭੇਜਣ ਤੋਂ ਮਨਾ ਕਰ ਦਿੱਤਾ ਅਤੇ ਨਾਲ ਹੀ ਕਿਹਾ ਕੇ ਤੂੰ ਉਸ ਨਾਲ ਗੱਲ ਹੀ ਨਹੀਂ ਕਰਨੀ। ਜਦੋਂ ਦੋ ਸਾਲ ਹੋ ਗਏ ਰਿਸ਼ਤੇ ਨੂੰ ਅਸੀਂ ਗੱਲ ਨਹੀਂ ਕਰਦੇ ਤਾਂ ਤੂੰ ਕਿਉਂ ਕਰਦੀ ਆ। ਮੈਂ ਕਿਹਾ ਦੀਦੀ, "ਫਿਰ ਮੈਂ ਉਸਨੂੰ ਕਹਿ ਦੇਵਾ ਕਿ ਤੁਸੀਂ ਮਨਾ ਕਰ ਦਿੱਤਾ ਫੋਟੋ ਭੇਜਣ ਤੋਂ। "ਤਾਂ ਸਰਬਜੀਤ ਦੀਦੀ ਨੇ ਕਿਹਾ ਕਿ ਨਹੀਂ, "ਤੂੰ ਸਾਡਾ ਨਾਮ ਨਹੀਂ ਲੈਣਾ। "ਹੋਰ ਜੋ ਮਰਜੀ ਬਹਾਨਾ ਬਣਾ ਦੇ। ਇਨ੍ਹਾਂ ਕਹਿ ਕੇ ਉਨ੍ਹਾਂ ਨੇ ਫੋਨ ਕੱਟ ਦਿੱਤਾ ਅਤੇ ਸ਼ਰਨ ਨੇ ਵੀ ਜੋਬ ਤੇ ਜਾਣ ਕਰਕੇ ਫੋਨ ਥੋੜੀ ਦੇਰ ਬਾਅਦ ਕਰਨ ਨੂੰ ਬੋਲਿਆਂ।ਮੈਨੂੰ ਨਹੀਂ ਸੀ ਪਤਾ ਉਨ੍ਹਾਂ ਦੇ ਪਰਿਵਾਰ ਚ ਕੀ ਚੱਲ ਰਿਹਾ ਸੀ ਪਰ ਮੇਰੀ ਮੈਂਟਲ ਹੈਲਥ ਤੇ ਇਸ ਦਾ ਅਸਰ ਪੈ ਰਿਹਾ ਸੀ। ਮੈਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਮੈਂ ਕੀ ਕਰਾ....?ਸਭ ਨੂੰ ਖੁਸ਼ ਰੱਖਣ ਦੇ ਚੱਕਰ ਚ ਮੈਂ ਖੁਦ ਦਿਮਾਗੀ ਤੋਰ ਤੇ ਪ੍ਰੇਸ਼ਾਨ ਹੋ ਰਹੀ ਸੀ।

ਅੱਕ ਹਾਰ ਕਿ ਕਾਫੀ ਸੋਚ ਵਿਚਾਰ ਕਰਨ ਤੇ ਮੈ ਕਿਰਨ ਨੂੰ ਮੈਸਜ ਕਰ ਦਿੱਤਾ ਕਿ ਤੁਸੀਂ ਅਮਰਿੰਦਰ ਵੀਰ ਜੀ ਕੋਲੋਂ ਫੋਟੋ ਲੈ ਲੋ। ਉਨ੍ਹਾਂ ਕੋਲ ਸਾਰੀਆਂ ਫੋਟੋਆਂ ਨੇ। ਪਰ ਉਸ ਨੇ ਮੈਸਜ ਕਰ ਮਨਾ ਕਰ ਦਿੱਤਾ ਕਿ ਮੈਂ ਅਮਰਿੰਦਰ ਕੋਲੋਂ ਫੋਟੋ ਨਹੀਂ ਮੰਗਣੀਆਂ। ਤੁਸੀਂ ਰਹਿਣ ਦੋ ਕੋਈ ਗੱਲ ਨਹੀਂ। ਮੈਨੂੰ ਉਸਦਾ ਮੈਸਜ ਪੜ੍ਹ ਬਹੁਤ ਅਜੀਬ ਲੱਗ ਰਿਹਾ ਸੀ ਕਿ ਕੋਈ ਆਪਣੇ ਹੀ ਮੰਗੇਤਰ ਕੋਲੋਂ ਫੋਟੋ ਮੰਗਣ ਚ ਇਨ੍ਹਾਂ ਕਿਉਂ ਝਿਜਕੇਗੀ।

ਦੂਜਾ ਅਮਰਿੰਦਰ ਵੀਰ ਜੀ ਨੇ ਆਪਣੀ ਹੀ ਮੰਗੇਤਰ ਨੂੰ ਆਪਣੇ ਭਰਾ ਦੇ ਰੋਕੇ ਦੀਆਂ ਫੋਟੋਆਂ ਸੇਂਡ ਕਿਉਂ ਨਹੀਂ ਕੀਤੀਆਂ.....? ਇਹ ਗੱਲਾਂ ਸੋਚ ਸੋਚ ਮੇਰਾ ਸਿਰ ਦੁਖਣ ਲੱਗ ਗਿਆ ਸੀ। ਮੈਨੂੰ ਕੀਤੇ ਨਾ ਕੀਤੇ ਘੁੱਟਣ ਮਹਿਸੂਸ ਹੋਣ ਲੱਗ ਗਈ ਸੀ ਇਸ ਰਿਸ਼ਤੇ ਤੋਂ। ਦੂਜਾ ਕਿਰਨ ਦਾ ਮੇਰੇ ਨਾਲ ਚੈਟ ਕਰ ਆਪਣੇ ਮੈਸਜ ਡਲੀਟ ਕਰਨਾ ਵੀ ਮੈਨੂੰ ਅਜੀਬ ਲੱਗਦਾ ਸੀ।ਇਹ ਲੂਕਾ ਛੁੱਪੀ ਵਾਲਾ ਖੇਲ ਮੇਰੇ ਦਿਮਾਗ ਚ ਅਨੇਕਾਂ ਸਵਾਲ ਖੜੇ ਕਰ ਰਿਹਾ ਸੀ।

ਪਰ ਫਿਰ ਮੈਂ ਇਹ ਵੀ ਸੋਚ ਲੈਂਦੀ ਕਿ ਸ਼ਰਨ ਤਾਂ ਸਹੀ ਹੈਂ ਨਾ ਮੇਰੇ ਨਾਲ। ਮੈਨੂੰ ਹੋਰ ਕਿਸੇ ਨਾਲ ਕੀ ਲੈਣਾ ਦੇਣਾ.......?"ਅਰਸ਼ ਗੁੱਸਾ ਨਾ ਕਰੀ, ਤੇਰੀ ਹੁਣ ਤੱਕ ਮੈਂ ਜਿਨ੍ਹੀ

ਕਹਾਣੀ ਸੁਣੀ ਹੈਂ ਮੈਨੂੰ ਸਾਰੀ ਦੀ ਸਾਰੀ ਦਾਲ ਹੀ ਕਾਲੀ ਲੱਗਦੀ ਆ", ਸਿਮਰਨ ਬੋਲੀ ।

ਪਤਾ ਨਹੀਂ ਯਾਰ, ਦਾਲ ਕਾਲੀ ਸੀ ਜਾਂ ਪੀਲੀ ਜਾਂ ਸੰਤਰੀ ਹਰੀ ਪਰ ਇਹ ਰਿਸ਼ਤਾ ਮੇਰੀ ਦਿਮਾਗੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਸੀ । ਪਰ ਦੂਜੇ ਪਾਸੇ ਸ਼ਰਨ ਦਾ ਬੇਇੰਤਹਾ ਪਿਆਰ ਮੇਰੇ ਦਿਲ ਨੂੰ ਸਕੂਨ ਪਹਿਚਾਉਂਦਾ ਸੀ । ਕੁੱਝ ਵੀ ਸਮਝ ਨਹੀਂ ਆ ਰਿਹਾ ਸੀ ਕਿ ਜ਼ਿੰਦਗੀ ਚ ਕੀ ਚੱਲ ਰਿਹਾ ਸੀ.........? ਅਤੇ ਨਾ ਹੀ ਆਪਣੇ ਮਨ ਚ ਚਲ ਰਹੇ ਵਲਵਲਿਆ ਨੂੰ ਕਿਸੇ ਨਾਲ ਸਾਂਝੀ ਕਰ ਪਾ ਰਹੀ ਸੀ ।

"ਤੂੰ ਕਦੇ ਆਪਣੇ ਮੰਮੀ ਪਾਪਾ ਨਾਲ ਇਸ ਬਾਰੇ ਗੱਲ ਨਹੀਂ ਕੀਤੀ", ਸਿਮਰਨ ਨੇ ਸਹਿਜ ਸੁਬਾਹ ਪੁੱਛਿਆ ।

ਨਹੀਂ ਯਾਰ,ਕਿਓਂਕਿ ਮੈਂ ਨਹੀਂ ਚਹਾਉਂਦੀ ਸੀ ਕਿ ਮੇਰੀ ਇੱਕ ਵੀ ਨਾਸਮਝੀ ਮੈਨੂੰ ਸ਼ਰਨ ਤੋਂ ਹਮੇਸ਼ਾ ਲਈ ਦੂਰ ਕਰ ਦਵੇ । ਪਰ ਜਦੋਂ ਕਈ ਵਾਰ ਮੈਂ ਜਿਆਦਾ ਹੀ ਉਲਝ ਜਾਂਦੀ ਇਸ ਰਿਸ਼ਤਿਆਂ ਦੇ ਤਾਣੇ ਬਾਣੇ ਚ ਤਾਂ ਮੈਨੂੰ ਇਹ ਰਿਸ਼ਤਾ ਇੱਕ ਗਲ਼ੇ ਚ ਪਾਏ ਫਾਹੇ ਤੋਂ ਵੱਧ ਕੁੱਝ ਨਹੀਂ ਲੱਗਦਾ ਸੀ । ਦਿਲ ਕਰਦਾ ਕੇ ਆਪਣੇ ਪਾਪਾ ਨੂੰ ਸਭ ਕੁੱਝ ਦੱਸ ਇਸ ਨੂੰ ਆਪਣੇ ਗਲੇ ਚੋਂ ਲਾਹ ਕੇ ਪਰੇ ਸੁੱਟ ਦੇਵਾ ਪਰ ਫਿਰ ਸ਼ਰਨ ਦੇ ਬਾਰੇ ਸੋਚ ਚੁੱਪ ਹੋ ਜਾਂਦੀ ਅਤੇ ਹਿੰਮਤ ਇਕੱਠਾ ਕਰਦੀ ਫਿਰ ਨਵੇਂ ਸਿਰ ਤੋਂ ਰਿਸ਼ਤਿਆਂ ਨੂੰ ਸਮਝਣ ਦੀ ।

ਇੱਕ ਦਿਨ ਸ਼ਰਨ ਦੀ ਭੈਣ ਦਾ ਮੈਨੂੰ ਫੋਨ ਆਇਆ ਤਾਂ ਵਿਆਹ ਚ ਪੈਸਿਆਂ ਦੇ ਲੈਣ ਦੇਣ ਦੀ ਗੱਲ ਛੇੜ ਕੇ ਬੈਠ ਗਈ । ਸ਼ਾਇਦ ਉਨ੍ਹਾਂ ਦੇ ਰਿਵਾਜ ਸੀ ਕਿ ਜਦੋਂ ਨੂੰਹ ਘਰ ਆਉਂਦੀ ਹੈਂ ਤਾਂ ਉਸਨੂੰ ਕਮਰੇ ਚ ਵੜਨ ਲਈ ਨੇਗ ਦੇਣਾ ਪੈਂਦਾ ਹੈਂ । ਪਰ ਸਾਡੇ ਇੱਧਰ ਇਹੋ ਜਿਹਾ ਕੋਈ ਰਿਵਾਜ ਨਹੀਂ ਸੀ । ਜੇ ਸਧਾਰਨ ਸ਼ਬਦਾਂ ਚ ਗੱਲ ਕਹਾਂ ਤਾਂ ਮੈਨੂੰ ਇਹ ਗੱਲਾਂ ਪਸੰਦ ਹੀ ਨਹੀਂ ਸਨ ਕਿਓਂਕਿ ਮੇਰੇ ਲਈ ਰਿਸ਼ਤੇ ਪਹਿਲਾ ਨੇ ਅਤੇ ਪੈਸਾ ਬਾਅਦ ਚ । ਪਰ ਸ਼ਰਨ ਦੀ ਭੈਣ ਦੀਆਂ ਗੱਲਾਂ ਮੈਨੂੰ ਅਜੀਬ ਹੀ ਲੱਗ ਰਹੀਆਂ ਸੀ ।ਅਸੀਂ ਕਾਰ ਚੋਂ ਨਿਕਲਣ ਲਈ 20000ਰੁਪਏ ਲੈਣੇ ਅਤੇ ਕਮਰੇ ਚ ਵਾੜਨ ਲਈ 10000 ਰੁਪਏ । ਮੈਨੂੰ ਕੀਤੇ ਨਾ ਕੀਤੇ ਇਹ ਰਸਮ ਘੱਟ ਪੈਸੇ ਦੀ ਭੁੱਖ ਜਿਆਦਾ ਲੱਗ ਰਹੀ ਸੀ ਜਾਂ ਇਹ ਵੀ ਹੋ ਸਕਦਾ ਹੈਂ ਕਿ ਸਾਡੇ ਫ਼ਜ਼ੂਲ ਖਰਚੀ ਕੋਈ ਨਹੀਂ ਕਰਦਾ, ਇਸ ਕਰਕੇ ਮੈਨੂੰ ਓਹ ਗੱਲਾਂ ਸਹੀ ਨਹੀਂ ਸੀ ਲੱਗ ਰਹੀਆਂ ਕਿਓਂਕਿ ਸਾਡੇ ਕੁੜੀ ਨੂੰ ਕਾਰ ਚ ਕੱਢਣ ਲਈ 1100 ਤੋਂ ਵੱਧ ਸ਼ਗੁਨ ਦਿੰਦੇ ਹੀ ਨਹੀਂ ਹਨ।

ਅੱਧੇ ਰਿਵਾਜ ਤਾਂ ਸਾਡੇ ਕੀਤੇ ਹੀ ਨਹੀਂ ਸਨ ਜਾਂਦੇ।ਪਰ ਮੈਂ ਇਨ੍ਹਾਂ ਗੱਲਾਂ ਨੂੰ ਨਜਰਅੰਦਾਜ ਕਰਨਾ ਹੀ ਸਹੀ ਸਮਝਿਆ ।

ਸ਼ਾਇਦ ਆਪਣੀ ਜਗ੍ਹਾ ਓਹ ਸਹੀ ਵੀ ਹੋਣ ਕਿਓਂਕਿ ਸਾਡੇ ਪਰਿਵਾਰ ਅਤੇ ਉਨ੍ਹਾਂ ਦੇ ਪਰਿਵਾਰ ਦੇ ਮਾਹੌਲ ਚ ਬਹੁਤ ਫਰਕ ਸੀ । ਓਹ ਕਾਫੀ ਅਗਾਂਹਵਾਧੂ ਸੋਚ ਵਾਲੇ ਸਨ ਅਤੇ ਮੈਂ ਜਿਸ ਪਰਿਵਾਰ ਚ ਜਮੀ ਪਲੀ ਉਨ੍ਹਾਂ ਦੀ ਸੋਚ 1947 ਤੋਂ ਪਹਿਲਾ ਵਾਲੀ ਸੀ ।

ਸਾਡੇ ਘਰ ਚ ਕਈ ਵਾਰ ਮੇਰਾ ਭਰਾ ਤਾਂ ਮਜਾਕ ਚ ਪਾਪਾ ਨੂੰ ਕਹਿ ਵੀ ਦਿੰਦਾ ਹੈਂ ਕਿ, ਦੇਸ਼ 1947 ਚ ਅਜਾਦ ਹੋ ਗਿਆ ਪਰ ਤੁਹਾਨੂੰ ਅਜਾਦੀ ਅੱਜ ਤੱਕ ਨਹੀਂ ਮਿਲ਼ੀ । ਤੁਹਾਡੀ ਸੋਚ ਅੱਜ ਵੀ ਓਥੇ ਹੀ ਖੜੀ ਆ 1947 ਤੋਂ ਪਹਿਲਾ ਵਾਲੇ ਸਮੇ ਚ । ਮੇਰੇ ਲਈ ਜਿਹੜੀਆਂ ਗੱਲਾਂ ਅਜੀਬ ਸੀ ਉਨ੍ਹਾਂ ਲਈ ਓਹ ਗੱਲਾਂ ਕੀਤੇ ਨਾ ਕੀਤੇ ਸ਼ਾਇਦ ਸਹੀ ਹੋਣ ਕਿਉਂਕਿ ਕੀ ਆਪੋ ਆਪਣੇ ਏਰੀਆ ਦੇ ਤੋਰ ਤਰੀਕੇ ਹੁੰਦੇ ਹਨ। ਏਹ ਸੋਚ ਕੇ ਵੀ ਮੈਂ ਚੁੱਪ ਰਹਿੰਦੀ।

ਮੈਨੂੰ ਕੀਤੇ ਨਾ ਕੀਤੇ ਇਹ ਗੱਲ ਸਮਝ ਆ ਚੁੱਕੀ ਸੀ ਕਿ ਮੇਰਾ ਸ਼ਰਨ ਦੇ ਪਰਿਵਾਰ ਨਾਲ ਜਿਆਦਾ ਗੱਲ ਕਰਨਾ ਸਹੀ ਨਹੀਂ ਕਿਓਂਕਿ ਮੇਰੇ ਮੂਹੋਂ ਗਲਤੀ ਨਾਲ ਨਿਕਲੀ ਇੱਕ ਵੀ ਗੱਲ ਮੇਰੇ ਲਈ ਸਮੱਸਿਆ ਦਾ ਕਾਰਨ ਬਣ ਸਕਦੀ ਸੀ । ਪਰ ਮੇਰੀ ਇਹ ਸੋਚ ਮੈਨੂੰ ਨਹੀਂ ਪਤਾ ਸੀ ਕਿ ਮੇਰੇ ਲਈ ਇੱਕ ਹੋਰ ਮੁਸੀਬਤ ਖੜੀ ਕਰ ਦੇਵੇਗੀ । ਸਮੱਸਿਆਵਾਂ ਤੋਂ ਆਪਣੇ ਆਪ ਅਤੇ ਆਪਣੇ ਰਿਸ਼ਤੇ ਨੂੰ ਬੱਚਾਉਂਦੀ ਮੈਂ ਖੁਦ ਉਲਝਣ ਵਿੱਚ ਫਸਦੀ ਚਲੀ ਜਾ ਰਹੀ ਸੀ ।

ਸ਼ਰਨ ਦੇ ਪਰਿਵਾਰ ਨੂੰ ਘੱਟ ਫੋਨ ਕਰਨ ਦੀ ਮੇਰੀ ਸੋਚ ਨੇ ਮੇਰੇ ਅਤੇ ਸ਼ਰਨ ਦੇ ਰਿਸ਼ਤੇ ਤੇ ਵੀ ਅਸਰ ਕਰਨਾ ਸ਼ੁਰੂ ਕਰਾ ਦਿੱਤਾ । ਮੇਰੀ ਕਹੀ ਹਰ ਗੱਲ ਤੇ ਓਹ ਖਿੱਝਣ ਲੱਗਾ ਅਤੇ ਗੁੱਸੇ ਵਿੱਚ ਇਹੋ ਜਹੇ ਸ਼ਬਦ ਬੋਲ ਦਿੰਦਾ ਜੋ ਮੇਰੇ ਸੀਨੇ ਚ ਤੀਰ ਵਾਂਗ ਲੱਗਦੇ ਅਤੇ ਉਸਦਾ ਫੋਨ ਕੱਟਣ ਤੇ ਮੈਂ ਸਾਰੀ ਸਾਰੀ ਰਾਉਂਦੀ ਰਹਿੰਦੀ ।

ਇੱਕ ਦਿਨ ਮੈਂ ਵੈਸੇ ਹੀ ਸ਼ਰਨ ਨੂੰ ਕਹਿ ਬੈਠੀ ਕਿ ਮੈਨੂੰ ਲੱਗਦਾ ਜਿਵੇ ਮੈਂ ਜੋ ਵੀ ਅਮਰਿੰਦਰ ਵੀਰ ਜੀ ਨਾਲ ਗੱਲ ਕਰਦੀ ਹਾਂ, ਓਹ ਸਾਰੀਆਂ ਗੱਲਾਂ ਤੁਹਾਡੀ ਭਰਜਾਈ ਮੈਨੂੰ ਫੋਨ ਤੇ ਦਹਰਾਉਂਦੀ ਹੈਂ । ਮੇਰੀ ਇਹ ਗੱਲ ਕਹਿਣ ਦੀ ਦੇਰ ਸੀ ਕਿ ਸ਼ਰਨ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਤੂੰ ਮੇਰੇ ਭਰਾ ਭਰਜਾਈ ਨੂੰ ਦੇਖਣਾ ਨਹੀਂ ਸਿਖਾਉਂਦੀ । ਜਦੋਂ ਮੈਂ ਸ਼ਰਨ ਨੂੰ ਬੋਲੀ ਕੇ ਮੇਰੇ ਕਹਿਣ ਦਾ ਇਹ ਮਤਲਬ ਨਹੀਂ ਸੀ ਤਾਂ

ਉਸਨੇ ਕਿਹਾ ਕਿ ਮੈਨੂੰ ਪਤਾ ਤੇਰੇ ਕਹਿਣ ਦਾ ਕੀ ਮਤਲਬ ਸੀ ।

ਹੁਣ ਤੇਰੇ ਕਰਕੇ ਕੀ ਮੈਂ ਆਪਣੇ ਭਰਾ ਭਰਜਾਈ ਦਾ ਰਿਸ਼ਤਾ ਤੁੜਵਾ ਦੇਵਾ । ਜੇ ਓਹ ਫੋਨ ਕਰਦੀ ਤੂੰ ਤਾਂ ਓਹਦਾ ਫੋਨ ਵੀ ਨਹੀਂ ਚੱਕਦੀ ਆਕੜ ਚ । ਮੈਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਇੱਕ ਦਮ ਸ਼ਰਨ ਦੇ ਬਦਲਦੇ ਵਿਵਹਾਰ ਦਾ ਕਾਰਨ ਕੀ ਹੈਂ.......?

ਜੋ ਇਨਸਾਨ ਪਹਿਲਾ ਕਹਿੰਦਾ ਸੀ ਕਿ ਓਹ ਤੇਰੇ ਨਾਲੋਂ ਜਿਆਦਾ ਚਲਾਕ ਹੈਂ ਉਸਨਾਲ ਸੋਚ ਸਮਝ ਕੇ ਗੱਲ ਕਰਿਆ ਕਰ, ਓਹੀ ਇਨਸਾਨ ਅੱਜ ਉਲਟ ਮੇਰੇ ਤੇ ਇਲਜਾਮ ਲਾ ਰਿਹਾ ਹੈਂ ।

ਮੈਂ ਗੁਸੇ ਚ ਫੋਨ ਕੱਟ ਕਿ ਰੋਣਾ ਸ਼ੁਰੂ ਕਰ ਦਿੱਤਾ ਅਤੇ ਇਹ ਸੋਚ ਸੋਚ ਮੇਰਾ ਸਿਰ ਦਰਦ ਕਰਨ ਲੱਗ ਗਿਆ ਕਿ ਮੈਂ ਗਲਤ ਕਿੱਥੇ ਆ । ਸਭ ਕੁੱਝ ਮੇਰੀ ਸਮਝ ਤੋਂ ਬਾਹਰ ਚੱਲ ਰਿਹਾ ਸੀ ।

ਅਗਲੇ ਦਿਨ ਸ਼ਰਨ ਨੇ ਆਪਣੇ ਆਪ ਮੈਨੂੰ ਫੋਨ ਕਰ ਲਿਆ। ਪਰ ਸ਼ਰਨ ਦੁਆਰਾ ਕਹੀਆਂ ਗੱਲਾਂ ਨੇ ਮੇਰੇ ਦਿਲ ਅਤੇ ਦਿਮਾਗ ਤੇ ਗਿਹਰਾ ਅਸਰ ਕੀਤਾ ਜਿਸ ਕਰ ਮੇਰਾ ਬਿਲਕੁਲ ਵੀ ਦਿਲ ਨਹੀਂ ਸੀ ਕਰ ਰਿਹਾ ਸ਼ਰਨ ਨਾਲ ਗੱਲ ਕਰਨ ਦਾ ।

ਪਰ ਉਸਦੇ ਵਾਰ ਵਾਰ ਫੋਨ ਕਰਨ ਤੇ ਮੈਂ ਫੋਨ ਚੁੱਕ ਲਿਆ ਅਤੇ ਸ਼ਰਨ ਦੁਆਰਾ ਕਹੀਆਂ ਗੱਲਾਂ ਕਰਕੇ ਸਾਡੀ ਬਹਿਸ ਦੁਬਾਰਾ ਸ਼ੁਰੂ ਹੋ ਗਈ । ਗੁੱਸੇ ਵਿੱਚ ਮੈਂ ਸ਼ਰਨ ਨੂੰ ਉਸਦੇ ਭਰਾ ਦੁਆਰਾ ਪੁੱਛਿਆ ਸਵਾਲ ਕਿ ਮੇਰਾ ਭਰਾ ਤਾਂ ਮੇਰੇ ਨਾਲ ਗੱਲ ਕਰ ਰਿਹਾ ਸੀ ਤੁਸੀਂ ਕਿਸ ਨਾਲ ਇਨ੍ਹੀ ਰਾਤ ਨੂੰ ਗੱਲ ਕਰ ਰਹੇ ਸੀ ਦੱਸ ਦਿੱਤਾ ਅਤੇ ਨਾਲ ਹੀ ਕਿਹਾ ਕਿ ਅਮਰਿੰਦਰ ਵੀਰਜੀ ਦਾ ਕੋਈ ਫਰਜ ਨਹੀਂ ਸੀ ਮੇਰੇ ਵਹਟਸੱਪ ਦਾ ਲਾਸਟ ਸੀਨ ਚੈੱਕ ਕਰ ਮੈਨੂੰ ਪੁੱਛਣ ਦਾ ।

ਮੇਰੇ ਇਨ੍ਹਾਂ ਕਹਿਣ ਦੀ ਦੇਰ ਸੀ ਕਿ ਸ਼ਰਨ ਨੇ ਮੈਨੂੰ ਗੁੱਸੇ ਚ ਗਲਤ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਉਸਦੀ ਕਹੀ ਗੱਲ ਕਿ, "ਕਿਹੜੀ ਕੁੜੀ ਰਿਸ਼ਤਾ ਹੋਣ ਤੋਂ ਬਾਅਦ ਮੁੰਡਿਆਂ ਨਾਲ ਗੱਲਾਂ ਕਰਦੀ ਹੈਂ" ਨੇ ਮੈਨੂੰ ਅੰਦਰ ਤੱਕ ਝੰਜੋੜ ਦਿੱਤਾ । ਸਿਧੇ ਤੋਰ ਤੇ ਤਾਂ ਨਹੀਂ ਪਰ ਅਸਿੱਧੇ ਤੋਰ ਤੇ ਉਸਨੇ ਮੇਰੇ ਚਰਿੱਤਰ ਤੇ ਸਵਾਲ ਖੜ੍ਹਾ ਕਰ ਦਿੱਤੇ ਸੀ ।ਮੈਂ ਸ਼ਰਨ ਦੀ ਇਹ ਗੱਲ ਸੁਣ ਕੇ ਹੈਰਾਨ ਹੋ ਗਈ । ਕੁੱਝ ਸਮਝ ਹੀ ਨਹੀਂ ਆ ਰਿਹਾ ਸੀ ਕਿ ਬੋਲਾਂ ਤਾਂ ਕੀ ਬੋਲਾਂ...? ਮੈਂ ਆਪਣੇ ਨਾਲ ਪੜ੍ਹਦੇ ਮੁੰਡਿਆਂ ਦੀਆਂ ਚੈਟ ਦੇ ਸਕਰੀਨ ਸ਼ੋਰਟ ਲੈ ਕੇ ਸ਼ਰਨ ਨੂੰ ਭੇਜ ਦਿੱਤੇ ਕਿਉਂਕਿ ਮੈਂ ਸਹੀ ਸੀ ਅਤੇ ਮੈਨੂੰ ਕੋਈ ਡਰ ਨਹੀਂ

ਸੀ। ਜਦੋ ਮੈਂ ਕਿਸੇ ਨੇ ਗਲਤ ਗਲ ਕੀਤੀ ਹੀ ਨਹੀਂ ਤਾਂ ਡਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ।

ਭਾਵੇਂ ਮੈਂ ਸਕਰੀਨਸ਼ੋਰਟ ਭੇਜ ਦਿੱਤੇ ਪਰ ਮੈਨੂੰ ਇੱਦਾਂ ਲੱਗ ਰਿਹਾ ਸੀ ਕਿ ਜਿਵੇ ਮੇਰੇ ਕੋਲ ਸ਼ਬਦ ਹੀ ਮੁੱਕ ਗਏ ਸਨ ।ਪਰ ਮੇਰੇ ਮੂੰਹੋਂ ਇਨ੍ਹਾਂ ਜਰੂਰ ਨਿਕਲਿਆ ਕਿ ਕਿਹੜਾ ਦਿਓਰ ਵਿਆਹ ਤੋਂ ਪਹਿਲਾ ਭਰਜਾਈ ਨਾਲ 3-4 ਘੰਟੇ ਗੱਲਾਂ ਕਰਦਾ ਆ ਅਤੇ ਕਿਹੜੀ ਨਨਾਣ ਰੋਕੇ ਤੋਂ ਅਗਲੇ ਦਿਨ ਕੱਪੜਿਆਂ ਦਾ ਸੁਣਾਉਣ ਲੱਗ ਜਾਂਦੀ ਹੈਂ ।

ਪਰ ਸ਼ਰਨ ਨੇ ਮੇਰੀ ਗੱਲ ਸਮਝਣ ਦੀ ਜਗ੍ਹਾ ਇਹ ਕਹਿ ਦਿੱਤਾ ਕਿ ਮੇਰੇ ਭੈਣ ਭਰਾ ਸਹੀ ਨੇ। ਤੇਰਾ ਹੀ ਦਿਮਾਗ ਖ਼ਰਾਬ ਹੈਂ । ਤੂੰ ਹੀ ਹੱਦੋ ਵੱਧ ਚਲਾਕ ਆ ਤਾਂਹੀ ਤੈਨੂੰ ਸਾਰੇ ਚਲਾਕ ਲੱਗਦੇ ਆ । ਤੈਨੂੰ ਤਾਂ ਕੱਪੜੇ ਪਾਉਣ ਦਾ ਵੀ ਚੱਜ ਨਹੀਂ । ਜਿਹੋ ਜੇ ਤੂੰ ਕੱਪੜੇ ਪਾਉਂਦੀ ਅਸੀਂ ਭੱਟਾਂ ਨੂੰ ਵੀ ਨਹੀਂ ਦਿੰਦੇ । ਤੇਰੀ ਤਾਂ ਪਰਵਾਰਿਸ਼ ਹੀ ਇਹੋ ਜਹੇ ਪਰਿਵਾਰ ਚ ਹੋਈ ਆ, ਤਾਂਹੀ ਤੂੰ ਸਭ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦੀ ਆ,ਸ਼ਰਨ ਦੇ ਇਕੋ ਸਾਹੇ ਬੋਲੇ ਇਨ੍ਹਾਂ ਕੜਵੇ ਬੋਲਾਂ ਨੇ ਮੇਰਾ ਦਿਲ ਛੱਲੀ ਛੱਲੀ ਕਰ ਦਿੱਤਾ । ਮੇਰਾ ਦਿਮਾਗ ਬਿਲਕੁਲ ਸੁੰਨ ਹੋ ਚੁੱਕਾ ਸੀ ਅਤੇ ਮੈਨੂੰ ਸਿਰਫ ਮੇਰੇ ਦਿਲ ਦੀ ਧੜਕਣ ਹੀ ਸੁਣਾਈ ਦੇ ਰਹੀ ਸੀ ।ਹੁਣ ਬੋਲਣ ਲਈ ਕੁੱਝ ਬਚਿਆ ਵੀ ਤਾਂ ਨਹੀਂ ਸੀ ਮੇਰੇ ਕੋਲ........

ਬੱਸ ਮੰਨ ਚ ਅਨੇਕਾਂ ਤਰ੍ਹਾਂ ਦੇ ਸਵਾਲ ਚੱਲ ਰਹੇ ਸੀ ਕਿ.........

ਕੀ ਮੈਂ ਸ਼ਰਨ ਦੇ ਨਾਲ ਆਪਣੀ ਹਰ ਗੱਲ ਸਾਂਝੀ ਕਰਕੇ ਗ਼ਲਤੀ ਕੀਤੀ....?

ਕੀ ਮੈਂ ਸ਼ਰਨ ਦਾ ਵਿਸ਼ਵਾਸ਼ ਵੀ ਜਿੱਤ ਨਹੀਂ ਸਕੀ.....?

ਕੀ ਸੱਚ ਮੈਨੂੰ ਅਕਲ ਨਹੀਂ ਅਤੇ ਨਾ ਹੀ ਕਪੜੇ ਪਾਉਣ ਦਾ ਢੰਗ ਆ..?

ਸ਼ਰਨ ਤੇ ਮੇਰੇ ਵਿੱਚ ਕਹਿਣ ਅਤੇ ਸੁਣਨ ਨੂੰ ਕੁੱਝ ਨਹੀਂ ਸੀ ਅਤੇ ਮੈਂ ਬਿਨਾਂ ਕੁੱਝ ਕਹੇ ਫੋਨ ਕੱਟ ਦਿੱਤਾ । ਆਪਣੇ ਮਨ ਚ ਮੈਂ ਸ਼ਰਨ ਨਾਲ ਜੋ ਸੁਪਨਿਆਂ ਦਾ ਮਹਿਲ ਸਜਾਇਆ ਸੀ ਓਹ ਹੁਣ ਢਹਿ ਚੁੱਕਾ ਸੀ ਜਿਵੇ ਭੁਚਾਲ ਆਉਣ ਤੇ ਗੁਜਰਾਤ ਚ ਘਰਾਂ ਦੀ ਤਬਾਹੀ ਹੋਈ ਸੀ । ਕੁੱਝ ਵੀ ਨਹੀਂ ਸੀ ਬਚਿਆ ਬੋਲਣ ਲਈ ਮੇਰੇ ਕੋਲ । ਪਛਤਾ ਰਹੀ ਸੀ ਮੈਂ ਸਿਰਫ ਉਸ ਸਮੇ ਨੂੰ ਜਦੋਂ ਮੈਂ ਸ਼ਰਨ ਨਾਲ ਆਪਣੇ ਦਿਲ ਦੀ ਅਤੇ ਪਰਿਵਾਰਕ ਹਰ ਗੱਲ ਸਾਂਝੀ ਕੀਤੀ ਸੀ । ਰੋਣਾ ਚਾਹੁੰਦੀ ਸੀ ਚੀਕਾਂ ਮਾਰ ਮਾਰ ਪਰ ਨਹੀਂ ਰੋ ਸਕਦੀ ਸੀ ਕਿਓਂਕਿ ਜੇ ਮੈਨੂੰ ਇੱਦਾਂ ਚੀਕਾਂ ਮਾਰਦੇ ਘਰ ਚ ਕੋਈ ਸੁਣਨ

ਲੈਂਦਾ ਤਾਂ ਸ਼ਰਨ ਦੀ ਖੈਰ ਨਹੀਂ ਸੀ । ਇਸ ਲਈ ਮੈਂ ਚੁੱਪ ਚਪੀਤੇ ਬੈਡ ਤੇ ਮੂਧੇ ਮੋਏ ਡਿਗ ਰਾਉਣਾ ਸ਼ੁਰੂ ਕਰ ਦਿੱਤਾ ।

ਥੋੜੇ ਸਮੇ ਬਾਅਦ ਮੇਰੇ ਫੋਨ ਤੇ ਸ਼ਰਨ ਦਾ ਮੈਸਜ ਆਇਆ ਕਿ ਤੂੰ ਅਪਣਾ ਫੈਸਲਾ ਲੈ ਸਕਦੀ ਆ ਮੈਨੂੰ ਕੋਈ ਪ੍ਰਵਾਹ ਨਹੀਂ ਆ । ਸ਼ਰਨ ਦੇ ਇਸ ਮੈਸਜ ਨੇ ਮੇਰਾ ਗੁੱਸਾ ਅਸਮਾਨੇ ਚੜ੍ਹਾ ਦਿੱਤਾ ਅਤੇ ਮੈਂ "ਤੁਸੀਂ ਇਸ ਰਿਸ਼ਤੇ ਚੋਂ ਅਜਾਦ ਹੋ"ਲਿਖ ਕੇ ਸ਼ਰਨ ਨੂੰ ਮੈਸਜ ਭੇਜ ਦਿੱਤਾ ।ਨਾਲ ਦੇ ਨਾਲ ਸ਼ਰਨ ਨੇ ਦੁਬਾਰਾ ਮੈਸਜ ਕਰ ਦਿੱਤਾ ਕੇ ਤੂੰ ਆਪਣੇ ਘਰ ਗੱਲ ਕਰਲਾ ਅਤੇ ਮੈਂ ਆਪਣੇ ਘਰ ਗੱਲ ਕਰ ਲੈਂਦਾ ਹਾਂ । ਪਰ ਸੱਚ ਕਿਹਾ ਤਾਂ ਮੈਨੂੰ ਸ਼ਰਨ ਦੀਆਂ ਬਾਕੀ ਗੱਲਾਂ ਦਾ ਇਨ੍ਹਾਂ ਦੁੱਖ ਨਹੀਂ ਸੀ ਜਿਨ੍ਹਾਂ ਆਪਣੇ ਚਰਿੱਤਰ ਤੇ ਲੱਗੇ ਇਲਜਾਮ ਦਾ ਕਿਓਂਕਿ ਮੈਂ ਗਲਤ ਨਾ ਹੁੰਦੇ ਹੋਏ ਵੀ ਇੱਕ ਵਾਰ ਫਿਰ ਚਰਿੱਤਰ ਹੀਨ ਦਾ ਇਲਜਾਮ  ਆਪਣੇ ਤੇ ਲਗਵਾ ਬੈਠੀ ਸੀ ।

ਮਤਲਬ, ਕੀ ਕਹਿਣਾ ਚਾਹੁੰਦੀ ਆ ਤੂੰ ਅਰਸ਼,ਹੈਰਾਨ ਹੁੰਦੀ ਸਿਮਰਨ ਬੋਲੀ। ਕੁੱਝ ਨਹੀਂ ਯਾਰ, ਜਦੋਂ ਮੈਂ ਸਟੱਡੀ ਕਰਦੀ ਸੀ ਤਾਂ ਮੇਰੀਆਂ ਤਾਈਆਂ ਕਹਿੰਦੀਆਂ ਹੁੰਦੀਆਂ ਸੀ ਕਿ ਇਹ ਚਰਿੱਤਰਹੀਣ ਹੈਂ,ਮੈਂ ਉਦਾਸ ਹੁੰਦੇ ਬੋਲੀ । ਪਰ ਮੈਂ ਕਦੇ ਵੀ ਕਿਸੇ ਮੁੰਡੇ ਨਾਲ ਕੋਈ ਰਿਸ਼ਤਾ ਨਹੀਂ ਸੀ ਰੱਖਿਆ ਕਦੇ। ਬੱਸ ਪੜ੍ਹਨ ਤੱਕ ਮਤਲਬ ਸੀ। ਇੱਕ ਦੋ ਮੁੰਡੇ ਦੋਸਤ ਜਰੂਰ ਸੀ ਪਰ ਉਨ੍ਹਾਂ ਨਾਲ ਵੀ ਪੜ੍ਹਾਈ ਤੱਕ ਗੱਲਬਾਤ ਸੀਮਤ ਸੀ।

ਪਰ ਕੁੱਝ ਸਮੇ ਬਾਅਦ ਮੇਰਾ ਗੁੱਸਾ ਜਦ ਠੰਡਾ ਹੋਇਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਤਾਂ ਸ਼ਰਨ ਬਿਨਾਂ ਰਹਿ ਹੀ ਨਹੀਂ ਸਕਦੀ । ਮੈਂ ਉਸਨੂੰ ਆਪਣੇ ਆਪ ਨਾਲੋਂ ਜਿਆਦਾ ਪਿਆਰ ਕਰਦੀ ਸੀ । ਮੈਂ ਗੁੱਸਾ ਸ਼ਾਂਤ ਹੋਣ ਤੇ ਸ਼ਰਨ ਨੂੰ ਇੱਕ ਵਾਰ ਗੱਲ ਕਰਨ ਲਈ ਕਹਿਣ ਲਈ ਮੈਸਜ ਕੀਤਾ ਪਰ ਉਸਨੇ ਇੱਕ ਵਾਰ ਮੈਸਜ ਕਰ ਕੇ ਇਨ੍ਹਾਂ ਕਿਹਾ ਕਿ ਮੈਂ ਆਪਣੇ ਘਰ ਗੱਲ ਕਰ ਲਈ ਹੈਂ । ਉਸ ਵੱਲੋ ਸਭ ਕੁੱਝ ਖਤਮ ਹੈਂ । ਮੈਨੂੰ ਕਦੇ ਹੁਣ ਮੈਸਜ ਨਾ ਕਰੀ ।

ਪਰ ਮੈਂ ਫਿਰ ਵੀ  ਸ਼ਰਨ ਨੂੰ ਮੈਸਜ ਅਤੇ ਕਾਲ ਕਰਦੀ ਰਹੀ ਪਰ ਉਸਨੇ ਨਾ ਤਾਂ ਮੇਰੇ ਮੈਸਜ ਦਾ ਰਪਲਾਈ ਕੀਤਾ ਅਤੇ ਨਾ ਹੀ ਕਾਲ ਉਠਾਈ । ਮੈਂ ਆਪਣੀ ਜ਼ਿੰਦਗੀ ਚ ਪਹਿਲੀ ਵਾਰ ਕਿਸੇ ਦੇ ਇਨ੍ਹੇ ਤਰਲੇ ਮਿਨਤਾ ਕੀਤੇ ਸੀ । ਪਰ ਸ਼ਾਇਦ ਸ਼ਰਨ ਲਈ ਰਿਸ਼ਤਾ ਖਤਮ ਹੋ ਚੁੱਕਾ ਸੀ ।

ਸ਼ਾਮ ਨੂੰ ਸ਼ਰਨ ਦੀ ਭੈਣ ਦਾ ਮੈਨੂੰ ਫੋਨ ਆਇਆ ਤਾਂ ਉਸਨੇ ਮੈਨੂੰ ਸਾਡੇ ਦੋਨਾਂ

ਵਿਚਕਾਰ ਹੋਈ ਲੜਾਈ ਦਾ ਕਾਰਨ ਪੁੱਛਿਆ । ਪਰ ਮੈਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਉਸਨੂੰ ਕੀ ਦੱਸਾਂ....?

ਮੈਂ ਕਿਹਾ ਦੀਦੀ ਗੱਲ ਕੋਈ ਇਨ੍ਹੀ ਵੱਡੀ ਨਹੀਂ ਹੋਈ । ਬੱਸ ਮੈਂ ਉਨ੍ਹਾਂ ਨੂੰ ਅਮਰਿੰਦਰ ਵੀਰ ਜੀ ਦੀ ਗੱਲ ਦੱਸੀ ਸੀ ਕਿ ਉਨ੍ਹਾਂ ਦਾ ਕੋਈ ਫਰਜ ਨਹੀਂ ਸੀ ਮੈਨੂੰ ਫੋਨ ਕਰ ਪੁੱਛਣਾ । ਪਰ ਮੈਨੂੰ ਸਮਝਣ ਦੀ ਜਗ੍ਹਾ ਓਹ ਆਪਣੀਆਂ ਹੀ ਗੱਲਾਂ ਸੁਣਾਉਣ ਲੱਗ ਗਈ ਕਿ ਤੁਸੀਂ ਮੇਰੇ ਡੈਡੀ ਨੂੰ ਫੋਨ ਨਹੀਂ ਕਰਦੇ ਅਤੇ ਨਾ ਹੀ ਤੁਸੀਂ ਮੇਰੀ ਮੰਮੀ ਜਦੋਂ ਬੀਮਾਰ ਸੀ ਦਾ ਹਾਲ ਚਾਲ ਪੁੱਛਿਆ । ਮੇਰੇ ਵਾਰ ਵਾਰ ਕਹਿਣ ਤੇ ਵੀ ਕਿ ਮੈਨੂੰ ਪਤਾ ਹੀ ਨਹੀਂ ਸੀ ਕਿ ਓਹ ਬੀਮਾਰ ਨੇ । ਜੇਕਰ ਮੈਂ ਤੁਹਾਡੇ ਬਾਕੀ ਪਰਿਵਾਰਕ ਜੀਅ ਦਾ ਫੋਨ ਕਰਕੇ ਹਾਲ ਚਾਲ ਪੁੱਛ ਸਕਦੀ ਹਾਂ ਤਾਂ ਉਨ੍ਹਾਂ ਦਾ ਕਿਉਂ ਨਹੀਂ ਪੁੱਛਾਂਗੀ । ਡੈਡੀ ਜੀ ਨੂੰ ਮੈਂ ਤਾਂ ਨਹੀਂ ਕਦੇ ਕਾਲ ਕੀਤੀ ਕਿਓਂਕਿ ਮੈਨੂੰ ਸਮਝ ਨਹੀਂ ਆਉਂਦਾ ਕਿ ਮੈ ਉਨ੍ਹਾਂ ਨੂੰ ਫੋਨ ਕਰ ਕੇ ਕੀ ਗੱਲ ਕਰਾ ਕਿਓਂਕਿ ਸਾਡੇ ਘਰ ਚ ਨੂੰਹਾਂ ਸੋਹਰਿਆ ਨਾਲ ਬੋਲਦੀਆਂ ਮੈਂ ਦੇਖੀਆਂ ਹੀ ਨਹੀਂ ਕਦੇ ।

ਪਰ ਉਨ੍ਹਾਂ ਨੇ ਬਿਨਾਂ ਮੇਰੀ ਗੱਲ ਵੱਲ ਧਿਆਨ ਦਿੱਤੇ ਅਗਲਾ ਸਵਾਲ ਕਰ ਦਿੱਤਾ ਕਿ ਤੂੰ ਤਾਂ ਸਾਡੇ ਭੈਣ ਭਰਾਵਾਂ ਨਾਲ ਗੱਲ ਵੀ ਨਹੀਂ ਕਰਦੀ । ਮੇਰਾ ਭਰਾ ਤੇਰੀਆਂ ਗੱਲਾਂ ਨਾਲ ਇਰੀਟੇਟ ਹੁੰਦਾ ਹੈ।ਮੈਂ ਕਿਹਾ ਦੀਦੀ ਜਦੋਂ ਤੁਹਾਡਾ ਫੋਨ ਆਉਂਦਾ ਮੈਂ 1:30 ਘੰਟਾ ਗੱਲ ਕਰਦੀ ਹਾਂ । ਅਮਰਿੰਦਰ ਵੀਰ ਜੀ ਨਾਲ 3-4 ਘੰਟੇ ਗੱਲ ਕਰਦੀ ਹਾਂ । ਤੁਹਾਡੇ ਚਾਚੇ ਦੇ ਬੱਚਿਆਂ ਨਾਲ ਵੀਡੀਓ ਕਾਲ ਤੇ ਗੱਲ ਕਰਦੀ ਜਦ ਕਿ ਮੈਂ ਵੀਡੀਓ ਕਾਲ ਤੇ ਗੱਲ ਕਰਦੇ ਸਮੇ ਸਹਿਜ ਮਹਿਸੂਸ ਨਹੀਂ ਕਰਦੀ । ਤੇ ਨਾਲ਼ੇ ਅਮਰਿੰਦਰ ਵੀਰ ਜੀ ਦੀ ਮਾਗੇਤਰ ਨਾਲ ਗੱਲ ਕਰਦੀ ਰਹੀ ਪਰ ਜਦੋਂ ਮੈਂ ਦੇਖਿਆ ਕੇ ਓਹ ਮੈਨੂੰ ਝੂਠ ਬੋਲ ਰਹੀ ਹੈਂ ਤਾਂ ਤੁਹਾਡੇ ਕਹਿਣ ਤੇ ਮੈਂ ਗੱਲ ਕਰਨੀ ਬੰਦ ਕਰ ਦਿੱਤੀ । ਸ਼ਰਨ ਮੇਰੀਆਂ ਗੱਲਾਂ ਤੋਂ ਇਰੀਟੇਟ ਹੁੰਦਾ ਹੈ ਦੀ ਗਲ ਸੁਨ ਮੈਂ ਹੋਰ ਚੋਂਕ ਗਈ ਅਤੇ ਦਿਲ ਨੂੰ ਝਟਕਾ ਲੱਗਾ ਵੀ ਉਸ ਇਨਸਾਨ ਚ ਖੁਦ ਹਿੰਮਤ ਨਹੀਂ ਮੈਨੂੰ ਏਹ ਕਹਿਣ ਦੀ।ਜੇ ਨਹੀਂ ਚੰਗੀਆਂ ਗੱਲਾਂ ਲਗਦੀਆਂ ਸੀ ਮੇਰੀਆਂ ਤਾਂ ਖੁਦ ਕਹਿੰਦਾ ਆਪਣੀ ਭੈਣ ਕੋਲੋਂ ਕਹਾਉਣ ਦੀ ਕੀ ਲੋੜ ਸੀ।

ਜਦੋਂ ਦੀਦੀ ਨੂੰ ਮੇਰੀ ਗੱਲ ਦਾ ਜਵਾਬ ਨਾ ਆਇਆ ਤਾਂ ਓਹ ਦੂਜੇ ਪਾਸੇ ਹੋ ਗਏ ਅਤੇ ਰੁੱਖੇਪਨ ਚ ਕਹਿਣ ਲੱਗੇ ਓਹ ਤਾਂ ਅਜੇ ਜਵਾਕ ਆ । ਬਹੁਤ ਭੋਲੀ ਆ ਓਹ ਤਾਂ। ਉਨ੍ਹਾਂ ਦੀ ਇਹ ਗੱਲ ਨੇ ਮੈਨੂੰ ਹੈਰਾਨ ਕਰ ਦਿੱਤਾ । ਜੋ ਮੈਨੂੰ ਕੱਲ ਉਸਦੇ ਵਿਰੁੱਧ ਗੱਲਾਂ

ਦੱਸ ਰਹੀ ਸੀ ਅੱਜ ਮੇਰੇ ਅੱਗੇ ਉਸਦੀ ਹਮਾਇਤ ਕਰ ਰਹੀ ਹੈਂ ।

ਇੱਕ ਸ਼ਰਨ ਦੀਆਂ ਗੱਲਾਂ ਅਤੇ ਦੂਜਾ ਸਭ ਦੇ ਬਦਲਦੇ ਵਿਵਹਾਰ ਮੈਨੂੰ ਹੋਰ ਵੀ ਹੈਰਾਨੀ ਚ ਪਾ ਰਹੇ ਸਨ । ਮੁੱਕਦੀ ਗੱਲ ਉਸਨੇ ਵੀ ਮੇਰੀ ਹੀ ਗ਼ਲਤੀ ਕੱਢ ਆਪਣੇ ਭਰਾ ਨੂੰ ਸਹੀ ਸਾਬਿਤ ਕਰ ਦਿੱਤਾ ।

ਪਰ ਉਨ੍ਹਾਂ ਦੀਆਂ ਗੱਲਾਂ ਸੁਣ ਮੈਨੂੰ ਇਹ ਨਹੀਂ ਸਮਝ ਆਇਆ ਕਿ ਜੇ ਉਨ੍ਹਾਂ ਨੂੰ ਮੇਰੇ ਤੋਂ ਇਨ੍ਹੀ ਸਮੱਸਿਆ ਸੀ ਤਾਂ ਪਹਿਲਾ ਉਨ੍ਹਾਂ ਨੇ ਮੈਨੂੰ ਕੁੱਝ ਕਿਉਂ ਨਹੀਂ ਕਿਹਾ । ਜਾਂ ਫਿਰ ਓਹ ਇੰਤਜਾਰ ਕਰ ਰਹੇ ਸਨ ਸ਼ਰਨ ਦੇ ਮੇਰੇ ਵਿਰੁੱਧ ਬੋਲਣ ਦਾ ਕਿ ਓਹ ਬੋਲੇ ਫਿਰ ਹੀ ਅਸੀਂ ਇਸ ਨੂੰ ਗ਼ਲਤ ਕਹੀਏ ।

ਦੂਜੇ ਦਿਨ ਆਪਣੇ ਕੋਲੋਂ ਚਾਰ ਗੱਲਾਂ ਬਣਾ ਕੇ ਸ਼ਰਨ ਦੇ ਫੁਫੜ ਨੇ ਪਾਪਾ ਨੂੰ ਫੋਨ ਕਰ ਦਿੱਤਾ ਕਿ ਤੁਹਾਡੀ ਕੁੜੀ ਤਾਂ ਸਾਡੇ ਮੁੰਡੇ ਨੂੰ ਗੱਲਾਂ ਬਹੁਤ ਕਰਦੀ ਹੈਂ । ਓਹ ਸਾਡੇ ਮੁੰਡੇ ਨੂੰ ਕਹਿੰਦੀ ਹੈਂ ਕਿ ਮੈਨੂੰ ਤਾਂ ਅਮੀਰ ਘਰਾਂ ਦੇ ਰਿਸ਼ਤੇ ਆਉਂਦੇ ਹਨ । ਪਰ ਮੈਂ ਕਦੇ ਵੀ ਇਸ ਤਰ੍ਹਾਂ ਦੀ ਗੱਲ ਕੀਤੀ ਹੀ ਨਹੀਂ ਸੀ । ਪਾਪਾ  ਅੱਗੋਂ ਜਵਾਬ ਚ ਸਿਰਫ ਇਨ੍ਹਾਂ ਹੀ ਬੋਲੇ ਕਿ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ ਸਿੱਧੂ ਸਾਬ । ਮੁੰਡੇ ਨੇ ਵੀ ਕੁੱਝ ਕਿਹਾ ਹੋਣਾ ਤਾਂ ਹੀ ਕੁੜੀ ਬੋਲੀ ਅੱਗੋਂ । ਪਾਪਾ ਦੇ ਇਨ੍ਹਾਂ ਕਹਿਣ ਦੀ ਦੇਰ ਸੀ ਕਿ ਸ਼ਰਨ ਦੇ ਫੁਫੜ ਜੀ ਦੂਜੇ ਪਾਸੇ ਹੋ ਗਏ ਅਤੇ  ਕਹਿਣ ਲੱਗ ਪਏ ਕਿ ਕੁੜੀ ਨੂੰ ਪੁੱਛੋਂ ਕੀ ਗੱਲ ਹੋਈ.......?

ਪਰ ਪਾਪਾ ਨੇ ਇਹ ਕਹਿ ਕਿ ਰਿਸ਼ਤਾ ਤੋੜ ਦਿੱਤਾ ਕਿ ਜਦੋਂ ਇੱਕ ਵਾਰ ਰਿਸ਼ਤੇ ਚ ਗੰਢ ਪੈ ਜਾਵੇ ਤਾਂ ਓਹ ਰਿਸ਼ਤਾ ਓਵੇ ਦਾ ਨਹੀਂ ਰਹਿੰਦਾ । ਇਨ੍ਹਾਂ ਕਹਿ ਕੇ ਪਾਪਾ ਨੇ ਫੋਨ ਕੱਟ ਦਿੱਤਾ ।

ਸਾਡੇ ਪਰਿਵਾਰ ਵੱਲੋ ਤਾਂ ਰਿਸ਼ਤੇ ਖ਼ਤਮ ਹੋ ਚੁੱਕਾਂ ਸੀ । ਪਰ ਮੇਰਾ ਰੋਣਾ ਬੰਦ ਨਹੀਂ ਸੀ ਹੋ ਰਿਹਾ । ਜ਼ਿੰਦਗੀ ਚ ਪਹਿਲੀ ਵਾਰ ਕਿਸੇ ਮੁੰਡੇ ਨੂੰ ਇਨ੍ਹਾਂ ਪਿਆਰ ਕਰਕੇ ਉਸ ਤੋਂ ਦੂਰ ਹੋਣਾ ਮੇਰਾ ਲਈ ਸੌਖਾ ਨਹੀਂ ਸੀ ।

ਸ਼ਾਮ ਨੂੰ ਸ਼ਰਨ ਦਾ ਮੇਰੇ ਵਟਸਅੱਪ ਤੇ ਮੈਸਜ ਆਇਆ ਕਿ ਕਿੱਦਾਂ ਹੋ ਗਈਆਂ ਸਾਰੀਆਂ ਗੱਲਾਂ ਸਾਫ....?

ਮੈਸਜ ਦੇਖ ਕੇ ਦਿਲ ਕਰੇ ਕਿ ਸ਼ਰਨ ਮੇਰੇ ਕੋਲ ਹੋਵੇ ਤਾਂ ਡੰਡੇ ਨਾਲ ਇਹਦੀਆਂ ਲੱਤਾਂ ਤੋੜ ਦੇਵਾਂ । ਸਿਰ ਪਾੜ੍ਹ ਦੇਵਾ ਇੱਟਾਂ ਨਾਲ।ਜਦੋਂ ਰਿਸ਼ਤਾ ਟੁੱਟ ਹੀ ਗਿਆ ਫਿਰ ਹੁਣ

ਕਿਉਂ ਮੈਸਜ ਕਰ ਰਿਹਾ ਹੈਂ । ਪਰ ਮੈਂ ਵੀ ਗੁੱਸੇ ਚ ਸਿਰਫ ਇਨ੍ਹਾਂ ਹੀ ਕਿਹਾ, "ਧੰਨਵਾਦ ਇਨ੍ਹੀਆਂ ਵਧਾ ਚੜਾ ਕੇ ਗੱਲਾਂ ਕਰਨ ਲਈ" ਪਰ ਉਸਨੇ ਅੱਗੋਂ ਓਕ ਲਿਖ ਮੈਸਜ ਭੇਜ ਸਾਰ ਦਿੱਤਾ ।

ਪਾਪਾ ਨੇ ਮੈਨੂੰ ਸ਼ਰਨ ਅਤੇ ਉਸਦੇ ਸਾਰੇ ਪਰਿਵਾਰਕ ਜੀਅ ਦੇ ਫੋਨ ਨੰਬਰ ਫੋਨ ਚੋਂ ਡਿਲੀਟ ਕਰਨ ਨੂੰ ਕਹਿ ਦਿੱਤਾ। ਮੈਂ ਬਾਕੀ ਸਭ ਦੇ ਫੋਨ ਨੰਬਰਾਂ ਦੇ ਸਕ੍ਰੀਨਸ਼ੋਰਟ ਲੈ ਕੇ ਆਪਣੇ ਫੋਨ ਚੋਂ ਨੰਬਰ ਡਿਲੀਟ ਕਰ ਦਿੱਤੇ ਪਰ ਸ਼ਰਨ ਦਾ ਨੰਬਰ ਡਿਲੀਟ ਕਰਨ ਦੀ ਬਿਜਾਏ ਆਪਣੇ ਵਟਸਐਪ ਦੀ ਪ੍ਰੋਫਾਈਲ ਫੋਟੋ ਰਿਮੂਵ ਕਰ ਦਿੱਤੀ  ਤਾਂ ਜੋ ਸ਼ਰਨ ਨੂੰ ਲੱਗੇ ਕਿ ਮੈਂ ਉਸਦਾ ਨੰਬਰ ਵੀ ਡਿਲੀਟ ਕਰ ਦਿੱਤਾ ਹੈਂ । ਪਰ ਸੱਚ ਮੈਂ ਤਾਂ ਮੇਰਾ ਵਾਹਿਗੁਰੂ ਜਾਣਦਾ ਸੀ ਕਿ ਸ਼ਰਨ ਨਾਲ ਬਿਨਾਂ ਗੱਲ ਕੀਤੇ ਰਹਿਣਾ ਕਿੰਨਾ ਮੁਸ਼ਕਿਲ ਸੀ ਮੇਰੇ ਲਈ । ਉਸ ਦੀ ਯਾਦ ਵਿੱਚ ਮੈਂ ਹਰ ਰੋਜ ਰਾਉਂਦੀ ਸੀ ।ਉਸ ਨਾਲ ਆਪਣੇ ਦਿਲ ਦੀ ਹਰ ਗੱਲ ਸਾਂਝੀ ਕਰਨਾ ਮੇਰੀ ਆਦਤ ਬਣ ਚੁੱਕੀ ਸੀ ਅਤੇ ਆਦਤਾਂ ਛੁੱਟਣ ਨੂੰ ਸਮਾਂ ਵੀ ਲੱਗਦਾ ਹੈ। ਪਰ ਹੁਣ ਕੁੱਝ ਨਹੀਂ ਸੀ ਹੋ ਸਕਦਾ ਜੋ ਹੁਣਾ ਸੀ ਹੋ ਗਿਆ।

ਲੋਕ ਸੱਚ ਕਹਿੰਦੇ ਹਨ ਕਿ ਵਾਹਿਗੁਰੂ ਦੀਆਂ ਲਿਖੀਆਂ ਅੱਗੇ ਕਿਹਦਾ ਜੋਰ ਚਲਦਾ ਹੈਂ ।

ਮੈਂ ਇੱਕ ਗੱਲ ਸਿੱਖੀ ਲਈ ਸੀ ਰਿਸ਼ਤਾ ਟੁੱਟਣ ਤੇ ਕਿ ਜਿਨ੍ਹਾਂ ਮਰਜੀ ਤੁਸੀਂ ਜ਼ਿੰਦਗੀ ਚ ਸੋਚ ਸਮਝ ਕੇ ਚਲੋ ਪਰ ਜੋ ਤੁਹਾਡੀ ਕਿਸਮਤ ਚ ਲਿਖਿਆ ਓਹ ਹੋ ਕੇ ਹੀ ਰਹਿੰਦਾ ਹੈਂ । ਸ਼ਾਇਦ ਮੇਰਾ ਵੀ ਪਿਆਰ ਅਧੂਰਾ ਰਹਿਣਾ ਲਿਖਿਆ ਸੀ । ਇਹ ਵੀ ਹੋ ਸਕਦਾ ਕਿ ਇਹ ਰਿਸ਼ਤਾ ਮੈਨੂੰ ਕੁੱਝ ਸਖਾਉਣ ਲਈ ਆਇਆ ਹੋਵੇ ਕਿ ਹਰ ਕਿਸੇ ਨਾਲ ਇਨ੍ਹਾਂ ਅਟੈਚਡ ਨਹੀਂ ਹੋਈ ਦਾ ।  ਦੁਨੀਆ ਚ ਕੋਈ ਵੀ ਤੁਹਾਡੇ ਨਾਲ ਹਮੇਸ਼ਾ ਨਹੀਂ ਰਹਿੰਦਾ ।

ਪਰ ਇਸ ਰਿਸ਼ਤੇ ਨੇ ਮੇਰੇ ਅੰਦਰ ਛੁਪੇ ਲੇਖਕ ਨੂੰ ਬਾਹਰ ਕੱਢ ਦਿੱਤਾ ਸੀ । ਦੁਨੀਆਂ ਸੱਚ ਕਹਿੰਦੀ ਹੈਂ ਪਿਆਰ ਚ ਟੁੱਟਿਆ ਇਨਸਾਨ ਹੋਰ ਕੁੱਝ ਬਣੇ ਨਾ ਬਣੇ ਪਰ ਲੇਖਕ ਜਰੂਰ ਬਣ ਜਾਂਦਾ ਹੈਂ । ਮੇਰੇ ਨਾਲ ਵੀ ਓਹੀ ਹੋਇਆ । ਮੈਂ ਰਿਸ਼ਤਾ ਟੁੱਟਣ ਤੋਂ ਬਾਅਦ ਆਪਣੇ ਅੰਦਰ ਚੱਲ ਰਹੀ ਬਿਰਹਾ ਦੀ ਪੀੜ ਨੂੰ ਸ਼ਬਦਾਂ ਦਾ ਰੂਪ ਦੇ ਕੇ ਕਾਪੀ ਤੇ ਉੱਤਰਨਾ ਸ਼ੁਰੂ ਕਰ ਦਿੱਤਾ ।

ਭਾਵੇਂ ਕਿ ਮੈਨੂੰ ਬਹੁਤ ਵਧੀਆ ਲਿਖਣਾ  ਨਹੀਂ ਸੀ ਆਉਂਦਾ ਪਰ ਮੈਂ ਆਪਣੀ ਪਹਿਲੀ

ਪੋਟਰੀ ਵੀ ਅਹਿਸਾਸ -e- ਮੁਹੱਬਤ ਹੀ ਲਿਖੀ ਸੀ ਜਿਸ ਵਿੱਚ ਮੈਂ ਆਪਣੀ ਮੁਹੱਬਤ ਦਾ ਇਜ਼ਹਾਰ ਕੀਤਾ ਸੀ ਸ਼ਰਨ ਲਈ । ਕੀ ਮਹਿਨੇ ਰੱਖਦਾ ਸੀ ਓਹ ਮੇਰੀ ਜ਼ਿੰਦਗੀ ਚ...? ਜੋ ਸ਼ਾਇਦ ਮੈਂ ਕਦੇ ਉਸਨੂੰ ਬੋਲ ਕੇ ਦੱਸ ਹੀ ਨਹੀਂ ਸਕੀ ਸੀ ।

"ਅਗਰ ਤੇਰੀ ਮਰਜੀ ਹੋਵੇ ਤਾਂ ਕੀ ਤੂੰ ਓਹ ਪੋਟਰੀ ਮੈਨੂੰ ਸੁਣਾ ਸਕਦੀ ਆ........?",ਸਿਮਰਨ ਭਾਵੁਕ ਹੁੰਦੇ ਬੋਲੀ ।

"ਜਰੂਰ! ਮੈਨੂੰ ਵਧੀਆ ਲੱਗਦਾ ਹੈਂ ਆਪਣੀ ਲਿਖੀ ਕਵਿਤਾ ਦੂਜਿਆਂ ਨੂੰ ਸੁਣਾਉਣਾ",ਚਿਹਰੇ ਤੇ ਹਲਕੀ ਜਹੀ ਮੁਸਕਾਨ ਲਿਆ ਕੇ ਮੈਂ ਬੋਲੀ ।

ਇਸ ਤਰ੍ਹਾਂ ਸੀ ਓਹ ਪੋਟਰੀ,ਸਿਮਰਨ ............

ਤੈਨੂੰ ਦੇਖ ਕੇ,ਪਤਾ ਲੱਗਾ,ਕਿੰਨੀ ਖਾਸ ਏ ਮੁਹੱਬਤ

ਸੱਚੀ! ਦੁਨੀਆ ਚ ਸਭ ਤੋਂ ਸੋਹਣਾ ਅਹਿਸਾਸ ਏ ਮੁਹੱਬਤ

ਮੈਂ ਖੁਸ਼ ਨਸੀਬ ਹਾਂ,ਜੋ ਤੂੰ ਮਿਲਿਆ

ਮੈਂ ਲਫ਼ਜ਼ਾਂ ਚ ਬਿਆਨ ਨਹੀਂ ਕਰ ਸਕਦੀ,ਜਜਬਾਤ ਏ ਮੁਹੱਬਤ

ਮੈਂ ਤਾਂ ਬੇਖ਼ਬਰ ਸੀ ਇਸ ਇਸ਼ਕ,ਪਿਆਰ ਤੇ ਮੁਹੱਬਤ ਦੀਆਂ ਗਲੀਆਂ ਤੋਂ

ਪਰ ਤੈਨੂੰ ਵੇਖ ਕੇ ਪਤਾ ਲੱਗਾ ਕਿ ਕਿੰਨੀ ਖਾਸ ਏ ਖਾਸ ਏ ਮੁਹੱਬਤ

ਬੱਲੇ ਕੁੜੀਏ!ਬਹੁਤ ਸੋਹਣਾ ਲਿਖਿਆ ਤੂੰ, ਖੁਸ਼ ਹੁੰਦੀ ਸਿਮਰਨ ਬੋਲੀ । ਪਰ ਅਫਸੋਸ ਕਿ ਓਹ ਇਨ੍ਹਾਂ ਪਿਆਰ ਕਰਨ ਵਾਲੀ ਕੁੜੀ ਦੇ ਪਿਆਰ ਨੂੰ ਸਮਝ ਨਹੀਂ ਪਾਇਆ । ਦੇਖੀ ਬਹੁਤ ਪਛਤਾਵੇ ਗਾ ਓਹ ਇੱਕ ਦਿਨ ।

ਸੱਚ ਕਹਾਂ ਸਿਮਰਨ, ਤਾਂ ਮੈਨੂੰ ਲੱਗਦਾ ਅਸੀਂ ਇੱਕ ਦੂਜੇ ਨੂੰ ਕਦੇ ਸਮਝ ਹੀ ਨਹੀਂ ਪਾਏ ਕਿਓਂਕਿ ਅੱਜ ਤੱਕ ਅਸੀਂ ਇੱਕ ਦੂਜੇ ਨੂੰ ਅਸਲੀਅਤ ਚ ਮਿਲੇ ਹੀ ਨਹੀਂ ਸੀ । ਬੱਸ ਫੋਨ ਤੇ ਹੀ ਵੀਡੀਓ ਕਾਲਿੰਗ ਰਹੀ ਇੱਕ ਦੂਜੇ ਨੂੰ ਦੇਖਿਆ ਅਤੇ ਫੋਨ ਤੇ ਹੀ ਗੱਲਾਂ

ਕੀਤੀਆਂ । ਕਈ ਵਾਰ ਮੈਨੂੰ ਲੱਗਦਾ ਹੈਂ ਕਿ ਸਾਡਾ ਡਿਸਟੈਂਸ ਰੇਲਾਸ਼ਨਸ਼ਿਪ  ਹੀ ਸਾਡੇ ਦੋਨਾਂ ਵਿੱਚ ਗਲਤੀਫ਼ਹਿਮੀਆਂ ਦਾ ਕਾਰਨ ਸੀ ਜਾਂ ਸਾਨੂੰ ਦੂਜਿਆਂ ਦੀਆਂ ਚਲਾਕੀਆਂ ਸਮਝ ਹੀ ਨਹੀਂ ਆਈਆਂ  ਜਾਂ ਅਸੀਂ ਹੀ ਕਦੇ ਇੱਕ ਦੂਜੇ ਨੂੰ ਸਮਝ ਨਹੀਂ ਸਕੇ।

ਫਿਰ ਰਿਸ਼ਤਾ ਟੁੱਟਣ ਤੋਂ ਤਿੰਨ ਦਿਨ ਬਾਅਦ ਮੈਨੂੰ ਸ਼ਰਨ ਦੇ ਭਰਾ ਅਮਰਿੰਦਰ ਵੀਰ ਜੀ ਦਾ ਫੋਨ ਆਇਆ ਪਰ ਪਾਪਾ ਨੇ ਫੋਨ ਚੱਕਣ ਤੋਂ ਮਨਾ ਕਰ ਦਿੱਤਾ । ਵਟਸਐਪ ਤੇ ਅਮਰਿੰਦਰ ਵੀਰ ਜੀ ਨੇ ਬਹੁਤ ਮੈਸਜ ਕੀਤੇ ਪਰ ਮੈਂ ਕਿਸੇ ਮੈਸਜ ਦਾ ਰਪਲਾਈ ਨਹੀਂ ਕੀਤਾ ਕਿਓਂਕਿ ਜਦੋਂ ਰਿਸ਼ਤਾ ਹੀ ਖਤਮ ਹੋ ਗਿਆ ਫਿਰ ਹੁਣ ਫੋਨ ਜਾਂ ਮੈਸਜ ਕਰਨ ਦਾ ਮਤਲਬ ਨਹੀਂ ਸੀ । ਜਦੋਂ ਪਹਿਲਾ ਹੀ ਮੈਨੂੰ ਕਿਸੇ ਨੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਤਾਂ ਹੁਣ ਗੱਲਾਂ ਕਰਨ ਦਾ ਕੀ ਮਤਲਬ.....?

ਕੁੱਝ ਦਿਨ ਬਾਅਦ ਸ਼ਰਨ ਦਾ ਮੈਨੂੰ ਫਿਰ ਵਟਸਐਪ ਤੇ ਮੈਸਜ ਆਇਆ।

"ਹੈਲੋ..!

ਕਿੱਦਾਂ..?

ਮੈਂ ਮੈਸਜ ਸੀਨ ਕਰਕੇ ਛੱਡ ਦਿੱਤਾ। ਭਾਵੇਂ ਕਿ ਮੈਨੂੰ ਖੁਸ਼ੀ ਸੀ ਸ਼ਰਨ ਦਾ ਮੈਸਜ ਦੇਖ ਪਰ ਮੈਨੂੰ ਸ਼ਰਨ ਤੇ ਅਜੇ ਵੀ ਬਹੁਤ ਗੁੱਸਾ ਸੀ ।

ਜਦੋਂ ਸ਼ਰਨ ਨੇ ਦੇਖਿਆ ਕਿ ਮੈਂ ਕੋਈ ਰਿਪ੍ਲਾਈ ਨਹੀਂ ਕੀਤਾ ਤਾਂ ਸ਼ਰਨ ਨੇ ਫਿਰ ਮੈਸਜ ਕਰ ਦਿੱਤਾ ਅਤੇ ਮੈਸਜ ਵਿੱਚ ਲਿਖਿਆ ਸੀ ਕਿ ਚੱਲ ਰਿਸ਼ਤਾ ਨਹੀਂ ਰੱਖਣਾ ਨਾ ਰੱਖ ਪਰ ਇੱਕ ਦੋਸਤ ਦੇ ਤੋਰ ਤੇ ਮੇਰੇ ਨਾਲ ਗੱਲ ਕਰ ਲਾ । ਪਰ ਮੈਂ ਕਿਹਾ ਕੇ ਮੈਂ ਹੁਣ ਤੁਹਾਡੇ ਨਾਲ ਕੋਈ ਵੀ ਰਿਸ਼ਤਾ ਨਹੀਂ ਰੱਖਣ ਚਾਹੁੰਦੀ । ਨਾ ਮੈਂ ਤੁਹਾਡੇ ਤੇ ਕਦੇ ਯਕੀਨ ਕਰ ਸਕਦੀ ਹਾਂ । ਤੁਸੀਂ ਕੁੜੀ ਲਭੋ ਜੋ ਤੁਹਾਡੇ ਭੈਣ ਭਰਾਵਾਂ ਨਾਲ ਗੱਲ ਕਰੇ ਅਤੇ ਜਿਸ ਨੂੰ ਅਕਲ ਹੋਵੇ ਬੋਲਣ ਅਤੇ ਕੱਪੜੇ ਪਾਉਣ ਦੀ । ਸ਼ਰਨ ਨੇ ਸੋਰੀ ਅਤੇ ਓਕ ਦਾ ਮੈਸਜ ਲਿਖ ਕੇ ਭੇਜ ਦਿੱਤਾ ਪਰ ਮੈਂ ਫਿਰ ਕੋਈ ਰਪਲਾਈ ਨਹੀਂ ਕੀਤਾ ।

ਹੱਦ ਆ ਯਾਰ, ਇਨ੍ਹਾਂ ਕੁੱਝ ਕਹਿਣ ਅਤੇ ਕਰਨ ਤੋਂ ਬਾਅਦ ਕਿਸੇ ਇਨਸਾਨ ਚ ਦੁਬਾਰਾ ਮੈਸਜ ਕਰਨ ਦੀ ਹਿੰਮਤ ਕਿਵੇਂ ਹੋ ਸਕਦੀ ਆ...?ਸ਼ਰਮ ਨਾਮ ਦੀ ਚੀਜ ਹੈਂ ਕਿ ਨਹੀਂ ਉਨ੍ਹਾਂ ਚ, ਸਿਮਰਨ ਨੇ ਖਿੱਝਦੀ ਹੋਈ ਬੋਲੀ ।

ਪਤਾ ਨਹੀਂ ਯਾਰ, ਪਰ ਸ਼ਰਨ ਦੇ ਮੈਸਜ ਕਰਨ ਤੋਂ ਲੱਗ ਰਿਹਾ ਸੀ ਕਿ ਉਸਨੂੰ

ਆਪਣੀਆਂ ਗ਼ਲਤੀਆਂ ਦਾ ਪਛਤਾਵਾ ਹੈਂ । ਨਹੀਂ ਤਾਂ ਜੋ ਕੁੜੀ ਉਸ ਨਾਲ ਇਨ੍ਹਾਂ ਔਖਾ ਬੋਲ ਰਹੀ ਸੀ ਓਹ ਵਾਰ ਵਾਰ ਮੈਸਜ ਕਿਉਂ ਕਰਦਾ.....?

ਕੀਤੇ ਨਾ ਕੀਤੇ ਸੱਚ ਇਹ ਵੀ ਸੀ ਕਿ ਭਾਵੇਂ ਮੇਰੇ ਪਰਿਵਾਰ ਲਈ ਰਿਸ਼ਤਾ ਖਤਮ ਹੋ ਚੁੱਕਾ ਸੀ ਪਰ ਮੇਰੇ ਲਈ ਰਿਸ਼ਤਾ ਕਦੇ ਟੁੱਟਿਆਂ ਹੀ ਨਹੀਂ ਸੀ । ਇਸ ਕਰਕੇ ਸ਼ਰਨ ਦੇ ਵਾਰ ਵਾਰ ਮੈਸਜ ਕਰਨ ਤੇ ਵੀ ਮੈਂ ਉਸਨੂੰ ਬਲੋਕ ਨਹੀਂ ਸੀ ਕਰ ਪਾ ਰਹੀ । ਬੱਸ ਜਦੋਂ ਓਹ ਮੈਸਜ ਕਰਦਾ ਉਸਨੂੰ ਗੁੱਸੇ ਚ ਹੀ ਰਪਲਾਈ ਕਰਦੀ ।

ਮੈਨੂੰ ਸ਼ਰਨ ਨਾਲ ਇਸ ਤਰਾਂ ਗੱਲ ਕਰਨਾ ਪਸੰਦ ਨਹੀਂ ਸੀ ਕਿਓਂਕਿ ਮੈਂ ਜਾਣਦੀ ਸੀ ਕਿ ਮੇਰੇ ਇਸ ਤਰ੍ਹਾਂ ਦੇ ਵਿਵਹਾਰ ਨਾਲ ਉਸਦਾ ਦਿਲ ਦੁਖਦਾ ਹੋਵੇਗਾ ਪਰ ਮੈਂ ਇਹ ਵੀ ਚਾਹੁੰਦੀ ਸੀ ਕਿ ਓਹ ਆਪਣੀਆਂ ਗ਼ਲਤੀਆਂ ਸਵੀਕਾਰ ਕਰੇ।

ਫਿਰ ਇੱਕ ਮਹੀਨਾ ਸ਼ਰਨ ਨੇ ਕੋਈ ਮੈਸਜ ਨਾ ਕੀਤਾ ਪਰ ਮੇਰਾ ਉਸਨੂੰ ਯਾਦ ਕਰ ਰੋ ਰੋ ਬੁਰਾ ਹਾਲ ਸੀ । ਮੈਂ ਚਾਹ ਕੇ ਵੀ ਸ਼ਰਨ ਨੂੰ ਭੁੱਲ ਨਹੀਂ ਪਾ ਰਹੀ ਸੀ । ਦੂਜੇ ਪਾਸੇ ਮੇਰੇ ਘਰਦਿਆਂ ਨੇ ਮੇਰੇ ਲਈ ਹੋਰ ਰਿਸ਼ਤੇ ਦੇਖਣੇ ਸ਼ੁਰੂ ਕਰ ਦਿੱਤੇ । ਮੈਂ ਗੁਰੂ ਨਾਨਕ ਦੇਵ ਜੀ ਦੀ ਫੋਟੋ ਅੱਗੇ ਖੜ੍ਹ ਉਨ੍ਹਾਂ ਨਾਲ ਰੋਜ ਲੜਨਾ ਅਤੇ ਰੋਣਾ । ਨਾਲੇ ਕਹਿਣਾ ਕਿ ਬਾਬਾ ਜੀ ਤੁਸੀਂ ਮੇਰੇ ਨਾਲ ਹੀ ਇੰਝ ਕਿਉਂ ਕੀਤਾ............ ।

ਮੇਰਾ ਤਾਂ ਸੁਪਨਾ ਸੀ ਕਿ ਮੈਂ ਜਿਸ ਮੁੰਡੇ ਨਾਲ ਵਿਆਹ ਕਰਾਉਣਾ ਉਸੇ ਨੂੰ ਪਿਆਰ ਕਰਨ ਅਤੇ ਇਸੇ ਲਈ ਮੈਂ ਕਦੇ ਮੁੰਡਿਆਂ ਦੇ ਚੱਕਰਾਂ ਚ ਨਹੀਂ ਪਈ । ਪਰ ਤੁਸੀਂ ਕਿਉਂ ਮੇਰਾ ਸ਼ਰਨ ਨਾਲ ਇਨ੍ਹਾਂ ਪਿਆਰ ਪਾ ਕੇ ਮੈਨੂੰ ਉਸ ਤੋਂ ਦੂਰ ਕੀਤਾ ।ਕਿਉਂ...... ਬਾਬਾ ਜੀ.......... ਕਿਉਂ...?

ਸਾਰੇ ਮੈਨੂੰ ਇਹੀ ਕਹਿੰਦੇ ਕਿ ਸ਼ਰਨ ਤੇਰੇ ਲਈ ਨਹੀਂ ਵਧੀਆ ਸੀ ਤਾਂ ਹੀ ਵਾਹਿਗੁਰੂ ਜੀ ਨੇ ਤੇਰਾ ਉਸ ਨਾਲ ਰਿਸ਼ਤਾ ਸਿਰੇ ਨਹੀਂ ਚੜ੍ਹਨ ਦਿੱਤਾ ਪਰ ਉਨ੍ਹਾਂ ਦੀਆਂ ਇਹ ਗੱਲਾਂ ਮੇਰੇ ਦਿਲ ਨੂੰ ਧਰਵਾਸਾ ਦੇਣ ਦੀ ਜਗ੍ਹਾ ਹੋਰ ਦਰਦ ਦੇ ਰਹੀਆਂ ਸੀ । ਜਦੋਂ ਵੀ ਕੋਈ ਸਾਡੇ ਘਰ ਰਿਸ਼ਤੇ ਦੀ ਦੱਸ ਪਾਉਣ ਆਉਂਦਾ ਮੈਨੂੰ ਖਿੱਝ ਚੜ੍ਹ ਆਉਂਦੀ ਕਿਓਂਕਿ ਮੈਂ ਦਿਮਾਗੀ ਤੋਰ ਤੇ ਅਜੇ ਕਿਸੇ ਵੀ ਨਵੇਂ ਰਿਸ਼ਤੇ ਚ ਪੈਣ ਲਈ ਤਿਆਰ ਨਹੀਂ ਸੀ । ਨਾ ਹੀ ਮੈਂ ਇਹ ਗੱਲ ਕਿਸੇ ਨੂੰ ਕਹਿ ਸਕਦੀ ਸੀ ਅਤੇ ਨਾ ਹੀ ਮੇਰੇ ਬਿਨਾਂ ਬੋਲੇ ਕੋਈ ਮੇਰੀ ਗੱਲ ਨੂੰ ਸਮਝ ਸਕਦਾ ਸੀ ।

ਇੱਕ ਮਹੀਨੇ ਬਾਅਦ ਮੈਨੂੰ ਫਿਰ ਸ਼ਰਨ ਦਾ ਮੈਸਜ ਆਇਆ ਕਿ ਜਾਨ I love you

❤️

ਕਿਵੇਂ ਆ ਮੇਰੀ ਜਾਨ ....?

ਮੈਨੂੰ ਮੈਸਜ ਦੇਖ ਗੁੱਸੇ ਦੇ ਨਾਲ ਨਾਲ ਮੰਨ ਨੂੰ ਬਹੁਤ ਸਕੂਨ ਆਇਆ ਕਿਓਂਕਿ ਉਸਦੇ ਦੁਆਰਾ ਬੋਲੇ ਜਾਨ ਸ਼ਬਦ ਚ ਮੈਨੂੰ ਉਸਦਾ ਮੇਰੇ ਲਈ ਬੇਇੰਤਹਾ ਪਿਆਰ ਝਲਕਦਾ ਮਹਿਸੂਸ ਹੁੰਦਾ ਸੀ । ਭਾਵੇਂ ਕਿ ਮੈਂ ਉਸ ਨਾਲ ਗੁੱਸੇ ਸੀ ਪਰ ਇਹ ਵੀ ਸੱਚ ਸੀ ਕੇ ਮੈਂ ਉਸਨੂੰ ਬਹੁਤ ਪਿਆਰ ਕਰਦੀ ਸੀ । ਇਸ ਲਈ ਨਾ ਚਾਹੁੰਦੇ ਹੋਏ ਵੀ ਮੈਂ ਉਸਨੂੰ ਗੁੱਸੇ ਚ ਰਪਲਾਈ ਕਰ ਦਿੰਦੀ ਅਤੇ ਮੇਰਾ ਰਪਲਾਈ ਹਰ ਵਾਰ ਇੱਕੋ ਹੀ ਹੁੰਦਾ ਕਿ ਮੈਂ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨਾ ਚਾਹੁੰਦੀ । ਪਰ ਸ਼ਰਨ ਦੇ ਜਵਾਬ ਚ ਆਏ ਮੈਸਜ ਨੇ ਮੇਰਾ ਹਾਸਾ ਕਢਾ ਦਿੱਤਾ ।

"ਅਜਿਹਾ ਕੀ ਚੁਟਕਲਾ ਲਿਖ ਕੇ ਭੇਜਿਆ ਸੀ ਉਸਨੇ.....?", ਉਤਸਕ ਹੁੰਦੀ ਸਿਮਰਨ ਬੋਲੀ । ਚੁਟਕਲਾ ਨਹੀਂ ਸੀ ਯਾਰ, ਸ਼ਰਨ ਨੇ ਮੈਸਜ ਕੀਤਾ ਕਿ ਮੈਨੂੰ ਵੀ ਸ਼ੋਂਕ ਨਹੀਂ ਤੇਰੇ ਨਾਲ ਕੋਈ ਗੱਲ ਕਰਨ ਦਾ।

ਮੈਨੂੰ ਬੱਸ ਇਨ੍ਹਾਂ ਦੱਸ "ਤੂੰ ਠੀਕ ਆ। " ਕਿਓਂਕਿ ਮੈਨੂੰ ਰਾਤੀ ਸੁਪਨਾ ਆਇਆ ਸੀ ਕਿ ਤੂੰ ਗੱਲ ਚ ਰੱਸਾ ਪਾ ਪੱਖੇ ਨਾਲ ਲੱਟਕ ਕੇ ਮਰ ਗਈ । ਇਹ ਨਾ ਸੋਚੀ ਮੈਂ ਤੈਨੂੰ ਪਿਆਰ ਕਰਦਾ ਹਾਂ । I love You ਤਾਂ ਮੈਂ ਓਵੇ ਹੀ ਲਿਖਿਆ ਸੀ ।

ਜਿਸ ਨੂੰ ਦੇਖ ਕੇ ਮੇਰਾ ਹਾਸਾ ਨਿੱਕਲ ਗਿਆ ਕਿ ਇਹ ਬੰਦਾ ਮੇਰੇ ਮਰਨ ਦੇ ਸੁਪਨੇ ਦੇਖ ਕੇ ਮੇਰਾ ਹਾਲ ਚਾਲ ਪੁੱਛ ਰਿਹਾ ਹੈਂ । ਫਿਰ ਮੈਂ ਜਵਾਬ ਚ ਸ਼ਰਨ ਨੂੰ ਇੱਕ ਹਿੰਦੀ ਕਵਿਤਾ ਜੋ ਕੇ ਇੱਕ ਤਰ੍ਹਾਂ ਦਾ ਉਸ ਉਪਰ ਵਿਅੰਗ ਸੀ ਉਸਨੂੰ ਲਿਖ ਕੇ ਭੇਜੀ।

"ਕਿਹੜੀ ਕਵਿਤਾ.......? ਮੈਨੂੰ ਵੀ ਸੁਣਾ ਜਲਦੀ", ਸਿਮਰਨ ਇਕਦਮ ਬੋਲੀ ।

ਰੁਕ, ਇੱਕ ਮਿੰਟ ਫੋਨ ਚ ਡਰਾਫਟ ਵਿੱਚ ਪਈ ਹੁਣੀ ਆ । ਓਥੋਂ ਪੜ੍ਹ ਕੇ ਸੁਣਾਂਦੀ ਆ । ਅਰਸ਼ ਨੇ ਫੋਨ ਚੋਂ ਕਵਿਤਾ ਲੱਭ ਕੇ ਕਿਹਾ "ਚਲ ਫਿਰ ਸੁਣ ਹੁਣ ..................। "

ਹਮਰੀ ਕਮੀਆਂ ਨਿਕਾਲ ਕਰ

ਆਪ ਹਮੇ ਹੀ ਨਿਚਾ ਦਿਖਾਤੇ ਹੋ

ਇਤਨੀ ਹੀ ਪ੍ਰੋਬਲਮ ਹੈ ਹਮਸੇ ਯਾਰ
ਫਿਰ ਕਿਓਂ ਬਾਰ ਬਾਰ ਹਮੇ ਫੋਨ ਮਿਲਾਤੇ ਹੋ

ਅੱਛੇ ਭੀ ਨਹੀਂ ਲਗਤੇ ਹਮ ਆਪ ਕੋ
ਬਾਤ ਭੀ ਆਪਨੇ ਹਮਸੇ ਹੀ ਕਰਨੀ ਹੈ
ਫਿਕਰ ਭੀ ਨਹੀਂ ਆਪਕੋ ਹਮਾਰਾ
ਔਰ
ਹਮਰੀ ਛੋਟੀ ਹਰ ਬਾਤ ਯਾਦ ਭੀ ਰੱਖਨੀ ਹੈ

ਪਿਆਰ ਹੈਂ ਨਹੀਂ ਤੁਮਸੇ
ਜੇ ਭੀ ਬਾਰ ਬਾਰ ਕਿਹਤੋਂ ਹੋ
I love you ਫਿਰ ਆਪ
ਕਿਉਂ ਹਮੇ ਹਰ ਬਾਰ ਕਿਹਤੋਂ ਹੋ

ਦਿਲ ਦੁਖਾਣਾ ਭੀ ਹੈਂ ਆਪਕੋ ਹਮਾਰਾ
ਮਲਹਮ ਭੀ ਖੁਦ ਬਣਨਾ ਹੈਂ
ਹੀਲੇ ਹੂਏ ਹੋ ਖੁਦ ਭੀ ਯਾਰ
ਕਯਾ ਹਮਰਾ ਦਿਮਾਗ ਭੀ ਹਿਲਾਣਾ ਹੈਂ

ਹਾ ਹਾ ਹਾ ਹਾ, ਹਾਏ ਰੱਬਾ ਹੱਦ ਹੋ ਯਾਰ ਤੁਸੀਂ ਦੋਨੋ। ਜੇ ਓਹ ਸ਼ੇਰ ਤੂੰ ਅੱਗੋਂ ਸਵਾ ਸ਼ੇਰ । ਬਹੁਤ ਫਨੀ ਆ, ਇਹ ਕਵਿਤਾ, ਹੱਸਦੇ ਹੋਏ ਸਿਮਰਨ ਬੋਲੀ ।ਫਿਰ ਸ਼ਰਨ ਨੇ ਅੱਗੋਂ ਜਵਾਬ ਚ ਕੁੱਝ ਨਹੀਂ ਲਿਖ ਕੇ ਭੇਜਿਆ । ਜਦੋ ਤੂੰ ਪੋਟਰੀ ਲਿਖ ਕੇ ਭੇਜੀ ਉਸਨੂੰ, ਸਿਮਰਨ ਉਤਸੁਕਤ ਹੁੰਦੀ ਬੋਲੀ । ਉਸਨੇ ਬੱਸ ਇੱਕ ਸਮਾਈਲੀ ਭੇਜੀ ਕਿਓਂਕਿ

ਬੋਲਣ ਲਈ ਉਸ ਕੋਲ ਕੁੱਝ ਹੈਂ ਨਹੀਂ ਸੀ । ਵੈਸੇ ਇੱਕ ਗੱਲ ਕਹਾਂ ਯਾਰ, ਇਹ ਮੁੰਡਾ ਹੈਂ ਤਾਂ ਅਜੀਬ । ਪਰ ਇਸ ਦੀਆਂ ਹਰਕਤਾਂ ਦੇਖ ਇਹ ਤਾਂ ਯਕੀਨ ਹੈਂ ਕਿ ਸ਼ਰਨ ਤੈਨੂੰ ਸੱਚਾ ਪਿਆਰ ਵੀ ਕਰਦਾ ਹੈਂ ਪਰ ਇਹ ਤੈਨੂੰ ਦਿਖਾਉਣਾ ਵੀ ਨਹੀਂ ਚਾਹੁੰਦਾ ਕਿ ਓਹ ਤੈਨੂੰ ਬਹੁਤ ਪਿਆਰ ਕਰਦਾ ਹੈਂ, ਸਿਮਰਨ ਮੂੰਹ ਤੇ ਮੁਸਕਾਨ ਲਿਆਉਂਦੀ ਬੋਲੀ ।

ਯਾਰ ਬਹੁਤ ਅਦਭੁੱਤ ਇਨਸਾਨ ਆ ਸ਼ਰਨ । ਕਈ ਵਾਰ ਇੱਦਾਂ ਲੱਗਦਾ ਸੀ ਕਿ ਇਸ ਇਨਸਾਨ ਦੀ ਜ਼ਿੰਦਗੀ ਬੱਸ ਮੇਰੇ ਇਰਦ ਗਿਰਦ ਘੁੰਮਦੀ ਹੈਂ ਪਰ ਦੂਜੇ ਹੀ ਪਲ ਲੱਗਦਾ ਇਹ ਮੈਨੂੰ ਪਿਆਰ ਨਹੀਂ ਕਰਦਾ । ਸੱਚ ਕਹਾਂ ਤਾਂ ਆਪ ਤੇ ਹਿੱਲਿਆ ਹੋਇਆ ਸੀ ਅਤੇ ਮੈਨੂੰ ਵੀ ਹਿਲਾ ਕੇ ਰੱਖਿਆ ਸੀ ਉਸਨੇ ।

"ਫਿਰ ਤੂੰ,ਮਾਫ ਕੀਤਾ ਸ਼ਰਨ ਨੂੰ ਕੇ ਨਹੀਂ", ਸਿਮਰਨ ਨੇ ਉਤਸੁਕਤਾ ਨਾਲ ਪੁੱਛਿਆ । ਸਿਮਰਨ ਗੱਲ ਮੇਰੇ ਤੱਕ ਹੁੰਦੀ ਤਾਂ ਸ਼ਾਇਦ ਮੈਂ ਸ਼ਰਨ ਨੂੰ ਕਦੋਂ ਦੀ ਮਾਫ ਕਰ ਦਿੰਦੀ ਪਰ ਗੱਲ ਹੁਣ ਦੋ ਪਰਿਵਾਰਾਂ ਵਿੱਚ ਸੀ । ਮੇਰੇ ਪਾਪਾ ਅਤੇ ਭਰਾ ਨੇ ਸਾਫ ਕਹਿ ਦਿੱਤਾ ਸੀ ਕਿ ਹੁਣ ਕਦੇ ਵੀ ਅਸੀਂ ਉਸ ਪਰਿਵਾਰ ਨਾਲ ਰਿਸ਼ਤਾ ਨਹੀਂ ਜੋੜਨਾ ।

ਪਰ ਸ਼ਰਨ ਮੈਨੂੰ ਮਹੀਨੇ ਕੁ ਬਾਅਦ ਮੈਸਜ ਕਰ ਹਾਲ ਚਾਲ ਪੁੱਛ ਲੈਂਦਾ। ਮੈਂ ਹਰ ਵਾਰ ਉਸਨੂੰ ਕਹਿੰਦੀ ਸੀ ਕਿ ਮੈਨੂੰ ਤੁਹਾਡੇ ਨਾਲ ਹੁਣ ਕੋਈ ਰਿਸ਼ਤਾ ਨਹੀਂ ਰੱਖਣਾ ਪਰ ਓਹ ਇਨਸਾਨ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਸੀ । ਉਸਨੇ ਮੈਨੂੰ ਮੈਸਜ ਕਰ ਹਾਲ ਚਾਲ ਪੁੱਛਣਾ ਹੀ ਹੁੰਦਾ ਸੀ ।

ਆਖਿਰ ਇੱਕ ਦਿਨ ਮੈਂ ਸ਼ਰਨ ਨੂੰ ਕਹਿ ਦਿੱਤਾ ਕੇ ਜਦੋਂ ਮੈਂ ਤੁਹਾਡੇ ਅੱਗੇ ਤਰਲੇ ਕਰਦੀ ਸੀ ਉੱਦੋਂ ਤਾਂ ਤੁਸੀਂ ਆਕੜ ਚ ਮੇਰੀ ਇੱਕ ਨਹੀਂ ਸੁਣੀ । ਹੁਣ ਮੈਨੂੰ ਵਾਰ ਵਾਰ ਮੈਸਜ ਕਰ ਕਿਉਂ ਤੰਗ ਕਰ ਰਹੇ ਹੋ....?

ਇਸ ਵਾਰ ਦੇ ਉਸਦੇ ਮੈਸਜ ਨੇ ਮੈਨੂੰ ਇਹ ਅਹਿਸਾਸ ਕਰਾਂ ਦਿੱਤਾ ਕਿ ਸ਼ਰਨ ਨੂੰ ਆਪਣੇ ਕੀਤੇ ਦਾ ਬਹੁਤ ਪਛਤਾਵਾ ਹੈਂ ।ਅੱਛਾ! ਅਜਿਹਾ ਕੀ ਸੀ ਮੈਸਜ ਚ..? ਹੈਰਾਨ ਹੁੰਦੀ ਸਿਮਰਨ ਬੋਲੀ । ਸ਼ਰਨ ਨੇ ਲਿਖਿਆ ਸੀ ਕਿ ਉਸਨੂੰ ਅਫਸੋਸ ਹੈਂ ਕਿ ਉਸ ਦਿਨ ਉਸਨੇ ਮੇਰੀ ਗੱਲ ਕਿਉਂ ਨਹੀਂ ਸੁਣੀ । ਕਾਸ਼! ਮੈਂ ਉਸ ਦਿਨ ਤੇਰੀ ਗੱਲ ਸੁਣ ਲੈਂਦਾ ਤਾਂ ਅਪਣਾ ਰਿਸ਼ਤਾ ਨਾ ਟੁੱਟਦਾ। ਯਾਰ ਅਰਸ਼ ਮੈ ਤੈਨੂੰ ਬਹੁਤ ਪਿਆਰ ਕਰਦਾ ਹਾਂ । ਤੇਰੇ ਬਿਨਾਂ ਮੈਂ ਕਿਸੇ ਹੋਰ ਕੁੜੀ ਬਾਰੇ ਸੋਚ ਵੀ ਨਹੀਂ ਸਕਦਾ । ਜੋ ਭਾਵਨਾ ਤੇਰੇ ਲਈ ਮਹਿਸੂਸ ਹੁੰਦੀ ਹੈਂ, ਓਹ ਮੈਨੂੰ ਅੱਜ ਤੱਕ ਕਿਸੇ ਕੁੜੀ ਲਈ ਮਹਿਸੂਸ ਨਹੀਂ ਹੋਈ

। ਪਲੀਜ! ਮੈਨੂੰ ਮਾਫ ਕਰ ਦੇ ।

ਫਿਰ ਤਾਂ ਵਧੀਆ ਜੇ ਉਸਨੇ ਮਾਫੀ ਮੰਗ ਲਈ । ਅਰਸ਼ ਮੈਨੂੰ ਲੱਗਦਾ ਸ਼ਰਨ ਤੈਨੂੰ ਸੱਚੀ ਰੂਹ ਤੋ  ਪਿਆਰ ਕਰਦਾ ਤਾਂ ਹੀ ਤਾਂ ਪਿਛਲੇ 6 ਮਹੀਨੇ ਤੋਂ ਤੈਨੂੰ ਮੈਸਜ ਕਰ ਰਿਹਾ ਹੈਂ, ਸਿਮਰਨ ਖੁਸ਼ ਹੋ ਕੇ ਬੋਲੀ ।

ਯਾਰ ਮੈਨੂੰ ਪਤਾ ਆ ਸ਼ਰਨ ਮੈਨੂੰ ਬਹੁਤ ਪਿਆਰ ਕਰਦਾ ਸੀ ਪਰ ਗੱਲ ਹੁਣ ਮੇਰੇ ਤੇ ਉਸਦੇ ਪਿਆਰ ਦੀ ਨਹੀਂ ਰਹੀ ਸੀ । ਗੱਲ ਹੁਣ ਦੋ ਪਰਿਵਾਰਾਂ ਦੀ ਸੀ ।

ਇਸ ਲਈ ਮੈਂ ਸ਼ਰਨ ਨੂੰ ਕੋਈ ਵੀ ਝੂਠੀ ਉਮੀਦ ਦੇ ਕੇ ਉਸ ਦਾ ਦਿਲ ਨਹੀਂ ਸੀ ਤੋੜਨਾ ਚਾਹੁੰਦੀ ਅਤੇ ਨਾ ਹੀ ਮੈਂ ਆਪਣੇ ਆਪ ਨੂੰ ਧੋਖੇ ਚ ਰੱਖਣਾ ਚਾਹੁੰਦੀ ਸੀ ਕਿਓਂਕਿ ਮੈਨੂੰ ਆਪਣੇ ਪਰਿਵਾਰ ਦੇ ਸੁਬਾਹ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਸੀ  । ਉਨ੍ਹਾਂ ਨੇ ਹੁਣ ਕਦੇ ਵੀ ਇਸ ਰਿਸ਼ਤੇ ਲਈ ਹਾਮੀ ਨਹੀਂ ਸੀ ਭਰਨੀ ਕਿਓਂਕਿ ਮੈਂ ਹਮੇਸ਼ਾ ਉਨ੍ਹਾਂ ਕੋਲ ਸੁਣਿਆ ਹੈਂ ਕਿ ਥੁੱਕ ਕੇ ਚੱਟਣ ਦੀ ਸਾਡੀ ਆਦਤ ਨਹੀਂ ਹੈਂ । ਇਸ ਲਈ ਰਿਸ਼ਤੇ ਦੇ ਦੁਬਾਰਾ ਜੁੜਨ ਦੀ ਉਮੀਦ ਰੱਖ ਆਪਣੇ ਆਪ ਨੂੰ ਇੱਕ ਵਾਰ ਫਿਰ ਤੋ ਤੋੜਨਾ, ਇੱਕ ਤਰ੍ਹਾਂ ਦਾ ਪਾਗਲਪਣ ਸੀ ਜੋ ਕੇ ਮੈਂ ਕਰਨਾ ਨਹੀਂ ਸੀ ਚਾਹੁੰਦੀ ।

ਇਸ ਲਈ ਮੈਂ ਇਹ ਸੋਚ ਲਿਆ ਸੀ ਕਿ ਇਸ ਵਾਰ ਜਦ ਸ਼ਰਨ ਦਾ ਮੈਸਜ ਆਇਆ ਮੈਂ ਉਸਨਾਲ ਸਾਫ ਸਾਫ ਗੱਲ ਕਰਾਂਗੀ । ਇਸ ਲਈ ਜਦੋਂ ਸ਼ਰਨ ਦਾ ਮਹੀਨੇ ਕੁ ਬਾਅਦ ਫਿਰ ਮੈਨੂੰ ਮੈਸਜ ਆਇਆ ਤਾਂ ਮੈਂ ਉਸਨੂੰ ਸਾਫ ਸਾਫ ਕਹਿ ਦਿੱਤਾ ਕਿ ਸ਼ਰਨ ਜੋ ਤੁਸੀਂ ਸੋਚ ਰਹੇ ਹੋ ਹੁਣ ਓਹ ਸੰਭਵ ਨਹੀਂ । ਅਪਣਾ ਸਾਥ ਜਿਥੋਂ ਤੱਕ ਸੀ ਵਾਹਿਗੁਰੂ ਜੀ ਨੇ ਰਿਸ਼ਤਾ ਜੋੜ ਕੇ ਤੋੜ ਦਿੱਤਾ। ਇਸ ਲਈ ਮੈਨੂੰ ਵਾਰ ਵਾਰ ਮੈਸਜ ਨਾ ਕਰੋ । ਝੂਠੀ ਉਮੀਦ ਰੱਖ ਕੇ ਤੁਸੀਂ ਆਪ ਵੀ ਦੁੱਖੀ ਹੋ ਰਹੇ ਹੋ ਅਤੇ ਮੈਨੂੰ ਵੀ ਕਰ ਰਹੇ ਹੋ । ਰਿਸ਼ਤਾ ਟੁੱਟਣ ਤੋਂ ਬਾਅਦ ਮੈਂ ਬਹੁਤ ਔਖਾ ਸੰਭਾਲਿਆਂ ਸੀ ਆਪਣੇ ਆਪ। ਬਹੁਤ ਔਖੀ ਬਾਹਰ ਨਿਕਲੀ ਮੈਂ ਡਿਪਰੈਸ਼ਨ ਚੋਂ । ਮੇਰੇ ਚ ਦੁਬਾਰਾ ਉਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ।

ਪਰ ਕਹਿੰਦੇ ਹਨ ਕਿ ਜਿਸ ਇਨਸਾਨ ਨੇ ਗੱਲ ਨਾ ਸਮਝਣ ਦੀ ਸੋਹ ਖਾਧੀ ਹੋਵੇ ਉਸਨੂੰ ਜਿਨ੍ਹਾਂ ਮਰਜ਼ੀ ਸਮਝਾ ਲੋ ਪਰ ਓਹ ਕਦੇ ਨਹੀਂ ਸਮਝਦਾ ਬੱਸ ਸ਼ਰਨ ਦਾ ਵੀ ਓਹੀ ਹਾਲ ਸੀ । ਮੈਨੂੰ ਲੱਗ ਰਿਹਾ ਸੀ ਕਿ ਮੈਂ ਕੰਧ ਚ ਸਿਰ ਮਾਰ ਰਹੀ ਆ ।  ਜਿਨੀ ਵਾਰ  ਮੈਂ ਸ਼ਰਨ ਨੂੰ ਮੈਸਜ ਕਰਨ ਲਈ  ਮਨਾ ਕਰਦੀ ਉਨ੍ਹੀ ਵਾਰ ਉਸ ਕੋਲ ਕੋਈ

ਨਵਾਂ ਘੜਿਆ ਘੜਾਇਆ ਜਵਾਬ ਹੁੰਦਾ।

ਇਸ ਵਾਰ ਜਦੋਂ ਸ਼ਰਨ ਦਾ ਮੈਸਜ ਆਇਆ ਕਿ ਮੇਰੀ ਜਾਨ! ਕਿਵੇਂ ਆ...? ਤਾਂ ਮੈਂ ਗੁੱਸੇ ਚ ਇਹ ਮੈਸਜ ਲਿਖ ਕੇ ਭੇਜ ਦਿੱਤਾ ਕਿ ਕਿੰਨੀ ਵਾਰ ਤੁਹਾਨੂੰ ਕਿਹਾ ਹੈਂ ਕਿ ਹੁਣ ਅਪਣਾ ਵਿਆਹ ਨਹੀਂ ਹੋਣਾ । ਤੁਹਾਨੂੰ ਸਮਝ ਨਹੀਂ ਆਉਂਦੀ । ਮੇਰੇ ਤੋਂ ਇਲਾਵਾ ਵੀ ਹਜਾਰਾਂ ਕੁੜੀਆਂ ਨੇ ਇਸ ਦੁਨੀਆਂ ਚ । ਕੋਈ ਹੋਰ ਲੱਭ ਲੋ । ਤੁਹਾਨੂੰ ਸਮਝ ਨਹੀਂ ਆਉਂਦੀ ਮੈਂ ਨਹੀਂ ਕਰਾਉਣਾ ਵਿਆਹ ਤੁਹਾਡੇ ਨਾਲ ।

ਪਰ ਇਸ ਵਾਰ ਮੇਰੇ ਜਵਾਬ ਤੇ ਬਦਲੇ ਆਏ ਸ਼ਰਨ ਦੇ ਜਵਾਬ ਤੇ ਮੈਨੂੰ ਉਸਤੇ ਪਿਆਰ ਆ ਰਿਹਾ ਸੀ । ਮੈਸਜ ਵਿੱਚ ਲਿਖਿਆ ਸੀ ਕਿ ਜਾਨੂੰ, ਵਿਆਹ ਤਾਂ ਤੇਰੇ ਨਾਲ ਕਰਾਉਣਾ ਆ । ਭਾਵੇਂ ਹੁਣ ਕਰਾ, ਭਾਵੇਂ ਰੁਕ ਕੇ ਕਰਾਂ ਲਾ । ਤੇਰੇ ਸੰਯੋਗ ਮੇਰੇ ਨਾਲ । ਤੂੰ ਕਸੂਤੀ ਫਸੀ ਸਮਝ ਲਾ । ਰੱਬ ਨੇ ਮੈਂ ਹੀ ਤੇਰੇ ਪੱਲੇ ਪਾਇਆ ਆ ਅਤੇ ਮੈਨੂੰ ਹੀ ਸਾਰੀ ਉਮਰ ਤੈਨੂੰ ਝੇਲਣਾ ਪੈਣਾ । ਹੁਣ ਤੇਰੇ ਤੇ ਆ ਕਿ ਤੂੰ ਹੱਸ ਕੇ ਝੇਲਦੀ ਆ ਜਾਂ ਰੋ ਕੇ। ਮੇਰਾ ਦਿਲ ਕਹਿੰਦਾ ਆ ਵਿਆਹ ਕੇ ਮੈਂ ਹੀ ਲਾਉਣਾ ਆ ਤੈਨੂੰ । ਜਿਥੇ ਮਰਜ਼ੀ ਭੱਜ ਲਾ ਮੁੜ ਮੇਰੇ ਕੋਲ ਹੀ ਆਉਣੀ ਆ ਤੂੰ । ਜਿਸ ਦਿਨ ਤੂੰ ਮਰੀ ਮੇਰੇ ਹੱਥੋਂ ਹੀ ਮਰਨਾ ਆ ।

ਮੈਨੂੰ ਸਮਝ ਹੀ ਨਹੀਂ ਆ ਰਿਹਾ ਸੀ ਕਿ ਮੈਂ ਸ਼ਰਨ ਦੇ ਇਨ੍ਹਾਂ ਮੈਸਜਾਂ ਦਾ ਕੀ ਰਪਲਾਈ ਕਰਾ । ਇਸ ਲਈ ਮੈਂ ਉਲਝਣ ਵਿੱਚ ਫਸੀ ਜਵਾਬ ਦਿੱਤੇ ਬਿਨਾਂ ਨੈੱਟ ਬੰਦ ਕਰਕੇ ਸੌਂ ਗਈ । "ਮਤਲਬ ਸ਼ਰਨ ਪੂਰਾ ਯਕੀਨ ਕਰੀ ਬੈਠਾ ਸੀ ਕਿ ਤੇਰਾ ਵਿਆਹ ਕਿਸੇ ਹੋਰ ਹੋਣਾ ਹੀ ਨਹੀਂ", ਸਿਮਰਨ ਹੈਰਾਨ ਹੁੰਦੀ ਬੋਲੀ ।

ਯਾਰ, ਓਹ ਤਾਂ ਬਹੁਤ ਕੁੱਝ ਸੋਚਦਾ ਅਤੇ ਬਹੁਤ ਕੁੱਝ ਬੋਲਦਾ ਹੈਂ ।

ਸਾਰਾ ਕੁੱਝ ਉਸਦੇ ਬੋਲਣ ਤੇ ਨਹੀਂ ਹੁੰਦਾ । ਓਹ ਪਰਮਾਤਮਾ ਨਹੀਂ ਇਨਸਾਨ ਆ । ਉਸਨੇ ਤਾਂ ਇੱਕ ਵਾਰ ਇਹ ਵੀ ਕਿਹਾ ਸੀ ਕਿ ਜੇ ਤੇਰਾ ਵਿਆਹ ਹੋਰ ਕੀਤੇ ਹੋ ਵੀ ਜਾਵੇ ਤਾਂ ਤੇਰਾ ਤਲਾਕ ਹੋ ਜਾਣਾ ਅਤੇ ਮੁੜ ਮੇਰੇ ਨਾਲ ਵਿਆਹ ਹੋਣਾ ਆ । ਗੱਲਾਂ ਦਾ ਗਾਲੜੀ ਆ । ਜਿੰਨੀਆਂ ਮਰਜ਼ੀ ਗੱਲਾਂ ਸੁਣ ਲਾ ਉਸ ਕੋਲੋਂ । ਆਪਣੇ ਕੋਲੋਂ ਗੱਲਾਂ ਬਣਾਉਣ ਚ ਤਾਂ ਉਸਨੇ phd ਕੀਤੀ ਹੋਈ ਆ । ਗੱਲਾਂ ਦਾ ਖੱਟਿਆ ਤਾਂ ਓਹ ਖਾਂਦਾ ਆ ।

ਪਰ ਹਾਂ! ਇਹ ਗੱਲ ਸੱਚ ਹੈਂ ਕਿ ਉਸ ਦੀਆਂ ਗੱਲਾਂ ਮੈਨੂੰ ਪ੍ਰੇਸ਼ਾਨ ਜਰੂਰ ਕਰ ਰਹੀਆਂ

ਸੀ । ਇਧਰ ਮੇਰੇ ਪਾਪਾ ਮੇਰੇ ਲਈ ਰਿਸ਼ਤੇ ਦੇਖ ਰਹੇ ਸੀ ਪਰ ਉਨ੍ਹਾਂ ਨੂੰ ਕੋਈ ਘਰ ਪਸੰਦ ਨਹੀਂ ਸੀ ਆ ਰਿਹਾ । ਕਦੀ ਮੁੰਡੇ ਦੀ ਜਮੀਨ ਘੱਟ ਅਤੇ ਕਦੇ ਮੁੰਡੇ ਦੀ ਹਾਈਟ ।

ਸਮਝ ਨਹੀਂ ਸੀ ਆ ਰਿਹਾ ਕੇ ਵਾਹਿਗੁਰੂ ਨੇ ਆਉਣ ਵਾਲੇ ਸਮੇ ਚ ਮੇਰੇ ਲਈ ਕੀ ਲਿਖਿਆ ਸੀ......?

ਸੱਚ ਕਹਾਂ ਤਾਂ ਮੇਰੀ ਜ਼ਿੰਦਗੀ ਸ਼ਰਨ ਅਤੇ ਮੇਰੇ ਆਪਣੇ ਪਰਿਵਾਰ ਵਿੱਚ ਉਲਝੀ ਪਈ ਸੀ । ਕੁੱਝ ਸਮਝ ਨਹੀਂ ਸੀ ਆ ਰਿਹਾ ਕਿ ਹੋ ਕੀ ਰਿਹਾ ਹੈਂ..?ਅਨੇਕਾਂ ਤਰ੍ਹਾਂ ਦੇ ਸਵਾਲ ਮੇਰੇ ਦਿਮਾਗ ਚ ਚੱਲ ਰਹੇ ਸਨ ਜਿਨ੍ਹਾਂ ਦੀ ਕੋਈ ਜਵਾਬ ਨਹੀਂ ਸੀ ਮੇਰੇ ਕੋਲ ।

ਆਖਿਰ ਚਾਹੁੰਦਾ ਕੀ ਹੈਂ ਪ੍ਰਮਾਤਮਾ ਮੇਰੇ ਕੋਲੋਂ........?

ਜੇ ਮੇਰਾ ਅਤੇ ਸ਼ਰਨ ਦਾ ਰਿਸ਼ਤਾ ਟੁੱਟਣਾ ਹੀ ਸੀ ਫਿਰ ਜੁੜਿਆ ਹੀ ਕਿਉਂ...?

ਜੇ ਟੁੱਟ ਹੀ ਗਿਆ ਤਾਂ ਸ਼ਰਨ ਕਿਉਂ ਵਾਪਸ ਆਉਣਾ ਚਾਹੁੰਦਾ ਹੈਂ ਮੇਰੀ ਜ਼ਿੰਦਗੀ ਚ......?

ਮੈਨੂੰ ਗੁੱਸਾ ਆ ਰਿਹਾ ਸੀ ਕਿ ਪਰਮਾਤਮਾ ਨੇ ਮੇਰੀ ਹੀ ਜ਼ਿੰਦਗੀ ਨੂੰ ਕਿਉਂ ਉਲਝਾਇਆ ਹੋਇਆ ਹੈ।

ਕਿਉਂ ਮੇਰੀ ਜ਼ਿੰਦਗੀ ਬਾਕੀ ਕੁੜੀਆਂ ਵਾਂਗ ਸਾਧਰਨ ਨਹੀਂ ਹੈਂ ।

ਇੱਕ ਪਾਸੇ ਸ਼ਰਨ ਦਾ ਮੇਰੀ ਜ਼ਿੰਦਗੀ ਚ ਵਾਪਸ ਆਉਣ ਦੀ ਜਿੱਦ ਅਤੇ ਦੂਜੇ ਪਾਸੇ ਮੇਰੇ ਪਰਿਵਾਰ ਦਾ ਮੇਰੇ ਲਈ ਨਵਾਂ ਰਿਸ਼ਤਾ ਲੱਭਣ ਦੀ ਕੋਸ਼ਿਸ਼ ਦੋਨਾਂ ਵਿੱਚ ਮੈਂ ਪਿੱਸ ਰਹੀ ਸੀ ਜਿਵੇ ਚੱਕੀ ਦੇ ਵਿੱਚ ਕਣਕ ਪਿੱਸ ਦੀ  ਹੈਂ । ਪਰ ਇਸ ਗੱਲ ਦਾ ਅੰਦਾਜਾ ਕਿਸੇ ਨੂੰ ਵੀ ਨਹੀਂ ਸੀ ।

ਸ਼ਰਨ ਦਾ ਮੈਨੂੰ ਮੈਸਜ ਕਰਨਾ ਅਤੇ ਮੇਰਾ ਉਸਨੂੰ ਗੁੱਸੇ ਚ ਜਵਾਬ ਭੇਜਣਾ ਇੱਦਾਂ ਹੀ ਸਾਲ ਭਰ ਚਲਦਾ ਰਿਹਾ । ਨਾ ਓਹ ਆਪਣੀ ਜਿੱਦ ਤੋਂ ਪਿੱਛੇ ਹੱਟ ਰਿਹਾ ਸੀ ਅਤੇ ਨਾ ਮੈਂ ਆਪਣੀ ਹੈਂਕੜ ਤੋਂ ।

ਇੱਕ ਦਿਨ ਮੈਂ ਦਿਮਾਗੀ ਤੋਰ ਤੇ ਇਨ੍ਹੀ ਪ੍ਰੇਸ਼ਾਨ ਹੋ ਗਈ ਕਿ ਅੱਕ ਹਾਰ ਕੇ ਮੈਂ ਸ਼ਰਨ

ਨੂੰ ਮੈਸਜ ਕਰ ਦਿੱਤਾ, "ਕੀ ਜੇ ਤੁਸੀਂ ਹੁਣ ਕਦੇ ਮੈਨੂੰ ਮੈਸਜ ਕੀਤਾ ਤਾਂ ਮੈਂ ਕੁੱਝ ਖਾ ਕੇ ਮਰ ਜਾਣਾ। ਜਦੋਂ ਰਿਸ਼ਤਾ ਟੁੱਟ ਹੀ ਗਿਆ ਤਾਂ ਹੁਣ ਵਾਰ ਵਾਰ ਮੈਨੂੰ ਮੈਸਜ ਕਰ ਤੰਗ ਕਰਨ ਦਾ ਕੀ ਮਤਲਬ । ਪਰ ਮੇਰੀ ਇਸ ਗੱਲ ਦਾ ਵੀ ਉਸਨੇ ਮਜਾਕ ਬਣਾ ਦਿੱਤਾ ।

ਕੀ ਕਹਿੰਦਾ ਸ਼ਰਨ ਫਿਰ....? ਸਿਮਰਨ ਹੈਰਾਨ ਹੁੰਦੀ ਬੋਲੀ।

ਕਹਿੰਦਾ ਸੱਚੀ । ਤੂੰ ਕਰ ਲਿਆ ਫੈਸਲਾ ਮਰਨ ਦਾ ।

ਮੈਂ ਕਿਹਾ,"ਹਾਂਜੀ"

ਕਹਿੰਦਾ ਚੱਲ ਸ਼ੁਕਰ ਆ ਦੁਨੀਆ ਚੋਂ ਇੱਕ ਹੋਰ ਪਾਪੀ ਘੱਟ ਹੋਵੇਗਾ। ਪਰ ਮੇਰੀ ਗੱਲ ਸੁਣ, ਜੇ ਮਰਨਾ ਹੀ ਆ ਤਾਂ ਚੂਹੇ ਮਾਰਨ ਵਾਲੀ ਦਿਵਾਈ ਖਾ ਕੇ ਨਾ ਮਰੀ । ਉਸ ਨਾਲ ਤੈਨੂੰ ਕੁੱਝ ਨਹੀਂ ਹੋਣਾ। ਉਲਟਾ ਜੇ ਬਚ ਗਈ ਘਰੋਂ ਗਾਲਾਂ ਪੈਣਗੀਆਂ । ਨਾਲ਼ੇ ਚੂਹੇ ਮਾਰਨ ਵਾਲੀ ਦਿਵਾਈ ਫ਼ਜ਼ੂਲ ਜਾਣੀ ਆ । ਫਿਰ ਤੈਨੂੰ ਚਿੰਤਾ ਰਹਿਣੀ ਆ ਕਿ ਇਨ੍ਹੇ ਦੀ ਸੀ ਦਿਵਾਈ । ਪੈਸੇ ਖ਼ਰਾਬ ਹੋ ਗਏ ।

ਹਾਂ!ਜੇ ਤੂੰ ਚਾਹੇ ਤਾਂ ਸਲਫਾਸ ਤੂੰ ਖਾ ਸਕਦੀ ਆ । ਪਰ ਸੋਚ ਲਈ ਓਹ ਖਾਣ ਤੋਂ ਪਹਿਲਾ ਕਿਉਂਕਿ ਓਹ ਖਾਣ ਨਾਲ ਬੰਦਾ ਤੜਫ ਤੜਫ ਕੇ ਮਰਦਾ । ਨਾਲ਼ੇ ਸਰੀਰ ਵੀ ਪਾਟ ਜਾਂਦਾ ਆ ।

ਨਾਲ਼ੇ ਹਾਂ ਸੱਚ! ਕਿਸੇ ਗੱਡੀ ਥੱਲੇ ਆ ਕੇ ਵੀ ਨਾ ਮਰੀ । ਤੂੰ ਜਿਵੇ ਕੋਠੇ ਤੋਂ ਛਾਲਾਂ ਮਾਰ ਮਾਰ ਆਪਣੇ ਹੱਡਾਂ ਨੂੰ ਮਜਬੂਤ ਕੀਤਾ । ਮਰਨਾ ਤੂੰ ਗੱਡੀ ਥੱਲੇ ਆ ਕੇ ਵੀ ਨਹੀਂ ।

ਤੈਨੂੰ! ਸੱਚ ਦੱਸਾਂ ਮੈਂ ।

ਐਵੇਂ ਲੱਤ ਬਾਂਹ ਤੁੜਾ ਕੇ ਸਾਰੀ ਉਮਰ ਲਈ ਮੰਜੀ ਤੇ ਬੈਠ ਜਾਵੇਗੀ । ਫਿਰ ਮੰਮੀ ਦੇ ਭਾਅ ਦਾ ਵਖਤ ਪਾਵੇਂਗੀ । ਓਹ ਵਿਚਾਰੀ ਇਸ ਉਮਰੇ ਤੈਨੂੰ ਕਿੱਥੇ ਸਾਂਭੂ । ਤੂੰ ਤਾਂ ਮੰਜੀ ਤੇ ਬੈਠੀ ਨੇ ਹੁਕਮ ਚਾੜੀ ਜਾਣਾ ਆ । ਉਪਰੋਂ ਤੇਰੀ ਲੜਾਈ ਰਹਿਣੀ, ਜੇ ਚੀਜ ਸਮੇ ਸਿਰ ਨਾ ਮਿਲੀ ।

ਵੈਸੇ ਜੇ ਤੈਨੂੰ ਸੱਚ ਕਹਾਂ ਤਾਂ ਤੇਰੇ ਲਈ ਗਲ਼ੇ ਚ ਫਾਹਾ ਲੈ ਕੇ ਮਰਨ ਵਾਲਾ ਤਰੀਕਾ ਵਧੀਆ ਆ । ਪਰ ਕੋਈ ਕੱਪੜਾ ਨਾ ਲਈ ਕਿਓਂਕਿ ਤੂੰ ਲੰਬੀ ਆ । ਇਹ ਨਾ ਹੋਵੇ ਕਪੜਾ ਲੀਰੋ ਲੀਰ ਹੋ ਕੇ ਟੁੱਟ ਜਾਵੇ ਤਾਂ ਤੂੰ ਫਿਰ ਬਚ ਜਾਵੇ । ਮੈਂ ਨਹੀਂ ਚਾਹੁੰਦਾ ਤੇਰਾ ਸੁਸਾਈਡ ਕਰਨ ਦਾ ਸੁਪਨਾ ਅਧੂਰਾ ਰਹੇ । ਤੂੰ ਨਾ ਓਹ ਜਿਹੜਾ nylon ਦਾ ਰੱਸਾ

ਆਉਂਦਾ ਆ ਨਾ , ਓਹ ਬਾਜ਼ਾਰ ਤੋਂ ਲਿਆ ਕੇ ਉਸ ਨਾਲ  ਫਾਹਾ ਲੈ ਕੇ ਮਰੀ । ਓਹਦੇ ਨਾਲ ਤੂੰ ਇੱਕ ਝਟਕੇ ਚ ਮਰ ਜਾਣਾ । ਪਰ ਜਦੋਂ ਰੱਸੇ ਨਾਲ ਲਟਕ ਕੇ ਮਰਨ ਲੱਗੀ ਮੈਨੂੰ ਵੀਡੀਓ ਕਾਲ ਕਰ ਲਵੀ । ਮੈਂ ਦੇਖਣਾ ਚਾਹੁੰਦਾ ਆ ਤੂੰ ਮਰਦੀ ਕਿਵੇਂ ਦੀ ਲਗਦੀ ਆ । ਨਾਲ਼ੇ ਮੈਨੂੰ ਪਤਾ ਲੱਗਜੂ ਕੇ ਹੁਣ ਇਹ ਰੱਬ ਨੂੰ ਪਿਆਰੀ ਹੋ ਗਈ। ਹੁਣ ਇਸ ਨੂੰ ਮੈਸਜ ਨਹੀਂ ਕਰਨਾ ।

ਓਹ ਨਾਲ਼ੇ ਸੱਚ ਸੁਸਾਈਡ ਨੋਟ ਚ ਲਿਖ ਕੇ ਜਾਈ ਕਿ ਜਿਸ ਨਾਲ ਮੈਂ ਆਖਿਰ ਚ ਗੱਲ ਕੀਤੀ ਓਹਦਾ ਕੋਈ ਰੋਲ ਨਹੀਂ ਮੇਰੇ ਮਰਨ ਚ । ਐਵੇਂ ਤੇਰੇ ਮਰਨ ਤੋਂ ਬਾਅਦ ਘਰਦੇ ਮੈਨੂੰ ਰਗੜ ਲੈਣ । ਮੈਂ ਬਿਨਾਂ ਗ਼ਲਤੀ ਦੇ ਜੇਲ ਕੱਟ ਰਿਹਾ ਹੋਵਾਂ ।

ਯਾਰ, ਗੁੱਸਾ ਨਾ ਕਰੀ ਪਰ ਮੈਨੂੰ ਸ਼ਰਨ ਦੀਆਂ ਗੱਲਾਂ ਸੁਣ ਹਾਸਾ ਆ ਰਿਹਾ ਹੈਂ, ਸਿਮਰਨ ਹੱਸਦੀ ਹੋਈ ਕਹਿਣ ਲੱਗੀ । ਮੈਨੂੰ ਕਾਹਤੋਂ ਗੁੱਸਾ ਆਉਣਾ ਆ ਯਾਰ । ਮੈਨੂੰ ਵੀ ਬਹੁਤ ਹਾਸਾ ਆਇਆ ਸੀ ਪੜ੍ਹ ਕੇ।

"ਫਿਰ ਤੂੰ ਕੁੱਝ ਕਿਹਾ ਨਹੀਂ ਜਵਾਬ ਚ", ਸਿਮਰਨ ਹੱਸਦੀ ਹੋਈ ਬੋਲੀ। ਮੈਂ ਸਿਰਫ ਇਨ੍ਹਾਂ ਹੀ ਕਿਹਾ ਕਿ,"ਮੇਰੀ ਮਰਜ਼ੀ, ਮੈਂ ਜਿੱਦਾਂ ਮਰਜ਼ੀ ਮਰਾਂ । ਮੈਨੂੰ ਤੁਹਾਡੀ ਸਲਾਹ ਦੀ ਕੋਈ ਲੋੜ ਨਹੀਂ ।

ਅੱਗੋ ਸ਼ਰਨ ਨੇ ਰਪਲਾਈ ਕੀਤਾ ਕਿ ਮੈਨੂੰ ਵੀ ਕਿਸੇ ਨੂੰ ਸਲਾਹਾਂ ਦੇਣੀਆਂ ਪਸੰਦ ਨਹੀਂ । ਓਹ ਤਾਂ ਤੂੰ ਸੋਚ ਲਿਆ ਕੇ ਮੈਂ ਮਰਨਾ ਆ ਤਾਂ ਸਲਾਹ ਦਿੱਤੀ ਕਿ ਕੀਤੇ ਬਚ ਹੀ ਨਾ ਜਾਵੇ । ਜੇ ਬਚ ਗਈ ਫਿਰ ਮੇਰੇ ਅੱਗੇ ਹੰਘੂਰੇ ਸੁਟੂ ਕਿ ਮੈਂ ਕੋਸ਼ਿਸ਼ ਕੀਤੀ ਪਰ ਮੈਂ ਮਰੀ ਨਹੀਂ । ਮੈਨੂੰ ਬਹੁਤ ਦੁੱਖ ਲੱਗਣਾ ਸੀ ਕਿ ਮੇਰੀ ਜਾਨ ਨੇ ਪਹਿਲੀ ਵਾਰ ਕੁੱਝ ਕਰਨ ਦਾ ਸੋਚਿਆ ਪਰ ਉਸ ਚ ਵੀ ਓਹ ਕਾਮਯਾਬ ਨਹੀਂ ਹੋਈ । ਬੱਸ ਇਸੇ ਲਈ ਸਲਾਹ ਦਿੱਤੀ ਕਿ ਤੂੰ ਆਪਣੇ ਸੋਚੇ ਕੰਮ ਚ ਸਫਲ ਹੋਵੇ । ਮੇਰਾ ਹੱਕ ਬਣਦਾ ਹੈਂ  ਤੈਨੂੰ ਤੇਰੇ ਹਰ ਸੋਚੇ ਕੰਮ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕਰਨ ਦਾ ।

ਸ਼ਰਨ ਦੀਆਂ ਇਹ ਊਟ ਪਟਾਂਗ ਗੱਲਾਂ ਸੱਚੀ ਮੇਰੀ ਚਿਹਰੇ ਤੇ ਮੁਸ਼ਕਾਨ ਲਿਆ ਦਿੰਦੀਆਂ ਸੀ । ਮੈਂ ਭੁੱਲ ਜਾਂਦੀ ਹਾਂ ਕਿ ਮੈਂ ਤਾਂ ਇਸ ਨਾਲ ਗੁੱਸੇ ਆ ।"ਯਾਰ, ਅਰਸ਼ ਇਹੋ ਜਹੀਆਂ ਗੱਲਾਂ ਸੁਣ ਤਾਂ ਕਿਸੇ ਦੇ ਵੀ ਰੋਂਦੇ ਚਿਹਰੇ ਤੇ ਹਾਸਾ ਆ ਜਾਵੇਂਗਾ", ਹੱਸਦੀ ਹੋਈ ਸਿਮਰਨ ਬੋਲੀ।

ਫਿਰ ਕਾਫੀ ਦਿਨ ਮੈਨੂੰ ਸ਼ਰਨ ਦਾ ਕੋਈ ਮੈਸਜ ਨਾ ਆਇਆ ਅਤੇ ਨਾ ਮੈਂ ਹੀ ਕਰਨ

ਦਾ ਸੋਚਿਆ । ਸਗੋਂ ਮੈਂ ਵਾਹਿਗੁਰੂ ਜੀ ਦਾ ਸ਼ੁਕਰ ਕੀਤਾ ਕਿ ਸ਼ਰਨ ਮੇਰੀ ਗੱਲ ਸਮਝ ਗਿਆ ਅਤੇ ਮੈਨੂੰ ਦੁਬਾਰਾ ਮੈਸਜ ਨਹੀਂ ਕਰ ਰਿਹਾ । ਪਰ ਮੈਂ ਇਸ ਗੱਲ ਤੋਂ ਅਣਜਾਣ ਸੀ ਕਿ ਓਹ ਆਪਣੇ ਦਿਮਾਗ ਚ ਕੋਈ ਨਵੀ ਸਕੀਮ ਘੜੀ ਬੈਠਾ ਹੈਂ ।

ਇੱਕ ਦਿਨ ਦੁਪਹਿਰ ਨੂੰ ਅਸੀਂ ਸਾਰਾ ਪਰਿਵਾਰ ਵਿਹੜੇ ਚ ਬੈਠੇ ਨਮਕੀਨ ਚਾਵਲ ਖਾ ਰਹੇ ਸੀ ਕਿ ਅਚਾਨਕ ਇੱਕ ਬੁਲੇਰੋਂ ਗੱਡੀ ਸਾਡੇ ਘਰ ਦੇ ਗੇਟ ਅੱਗੇ ਰੁੱਕੀ । ਪਹਿਲਾ ਤਾਂ ਅਸੀਂ ਸੋਚਿਆ ਕਿ ਉਂਝ ਕੋਈ ਗੱਡੀ ਅੱਗੇ ਜਾਣ ਲਈ ਖੜੀ ਹੁਣੀ ਹੈਂ । ਪਰ ਜਦੋਂ ਗੱਡੀ ਚ ਬੈਠਾ ਬੰਦਾ ਵਾਰ ਵਾਰ ਹੋਰਨ ਵਜਾਈ ਜਾ ਰਿਹਾ ਸੀ ਤਾਂ ਮੰਮੀ ਨੇ ਪਾਪਾ ਨੂੰ ਜਾ ਕੇ ਗੇਟ ਖੋਲ ਕੇ ਦੇਖਣ ਨੂੰ ਕਿਹਾ ।

ਜਦੋਂ ਪਾਪਾ ਨੇ ਗੇਟ ਖੋਲਿਆ ਤਾਂ ਪਾਪਾ ਨੂੰ ਤਿੰਨ ਬੰਦਿਆਂ ਨੇ ਗੱਡੀ ਚੋਂ ਉੱਤਰ ਕੇ ਸਤਿ ਸ਼੍ਰੀ ਅਕਾਲ ਬੁਲਾਈ .....................

ਮੰਮੀ ਮੈਨੂੰ ਕਹਿਣ ਲੱਗ ਗਏ। ਕਹਿੰਦੇ ਲੱਗਦਾ ਮਾਲੇਰਕੋਟਲਾ ਵਾਲੀ ਭੂਆ ਦੇ ਮੁੰਡੇ ਆਏ ਨੇ । ਗੁਰਜੀਤ ਕਹਿੰਦਾ, ਬੀਜੀ ਬੀਮਾਰ ਆ, ਉਨ੍ਹਾਂ ਦਾ ਪਤਾ ਲੈਣ ਆਏ ਹੋਣੇ। ਮੰਮੀ ਕਹਿੰਦੇ ਫਿਰ ਜਾਓ ਦੋਨੇ ਭੈਣ ਭਰਾ ਅੰਦਰੋ ਕੁਰਸੀਆਂ ਲੈ ਆਓ । ਅੱਜ ਧੁੱਪ ਬਹੁਤ ਸੋਹਣੀ ਲੱਗੀ ਆ । ਇਥੇ ਬਾਹਰ ਹੀ ਬੈਠ ਜਾਣਗੇ । ਮੰਮੀ ਦੀ ਗੱਲ ਸੁਣ ਕੇ ਮੈਂ ਅਤੇ ਗੁਰਜੀਤ ਅੰਦਰੋ ਕੁਰਸੀਆਂ ਲੈਣ ਚੱਲੇ ਗਏ ।

ਬਾਹਰ ਤੋਂ ਮੈਨੂੰ ਸਤਿ ਸ਼੍ਰੀ ਅਕਾਲ ਭੈਣ ਜੀ ਬੁਲਾਉਂਦਿਆ ਦੀ ਅਵਾਜ ਸਾਫ ਸੁਣਾਈ ਦੇ ਰਹੀ ਸੀ । ਜਦੋਂ ਮੈਂ ਅਤੇ ਗੁਰਜੀਤ ਕੁਰਸੀਆਂ ਲੈ ਕੇ ਲੋਬੀ ਦੇ ਦਰਵਾਜੇ ਰਾਹੀਂ ਬਾਹਰ ਨਿਕਲੇ ਤਾਂ ਸਾਹਮਣੇ ਸ਼ਰਨ ਨੂੰ ਦੇਖ ਕੇ ਮੈਂ ਹੈਰਾਨ ਹੋਈ ਓਥੇ ਹੀ ਬੁੱਤ ਬਣ ਕੇ ਖੜ੍ਹ ਗਈ ।

ਕੁੱਝ ਸਮਝ ਹੀ ਨਹੀਂ ਆ ਰਿਹਾ ਸੀ ਕਿ ਇਹ ਇਥੇ ਸਾਡੇ ਘਰ ਆਪਣੇ ਪਾਪਾ ਅਤੇ ਚਾਚੇ ਨਾਲ ਕੀ ਕਰਨਾ ਆਇਆ ਹੈਂ....?ਪਰ ਸਭ ਤੋਂ ਵੱਡਾ ਪ੍ਰਸ਼ਨ ਤਾਂ ਇਹ ਸੀ ਮੇਰੇ ਦਿਮਾਗ ਚ  ਕਿ ਇਹ ਇੰਡੀਆ ਕਦੋ ਆਇਆ.....?

ਜੇ ਆਉਣਾ ਹੀ ਸੀ ਤਾਂ ਇਸਨੇ ਮੈਨੂੰ ਕਿਉਂ ਨਹੀਂ ਦੱਸਿਆ....?

ਆਖਿਰ ਸ਼ਰਨ ਦੇ ਦਿਮਾਗ ਚ ਕੀ ਚੱਲ ਰਿਹਾ ਸੀ, ਇਹ ਸਭ ਮੇਰੇ ਸਮਝ ਤੋਂ ਕੋਸਾਂ

ਦੂਰ ਸੀ । ਮੈਂ ਕੁਰਸੀਆਂ ਆਪਣੇ ਭਰਾ ਨੂੰ ਫੜਾ ਉਨ੍ਹੀ ਪੈਰੀ ਪਿਛੇ ਮੁੜ ਗਈ ਕਿਓਂਕਿ ਸ਼ਰਨ ਨੂੰ ਦੇਖ ਮੇਰੇ ਚ ਹਿੰਮਤ ਹੀ ਨਹੀਂ ਸੀ ਉਸਦੇ ਸਾਹਮਣੇ ਹੋਣ ਦੀ । ਭਾਵੇਂਕਿ ਅਸੀਂ ਪਿਛਲੇ ਡੇਢ ਸਾਲ ਤੋਂ ਇਕ ਦੂਜੇ ਨੂੰ ਜਾਣਦੇ ਸੀ ਅਤੇ ਫੋਨ ਤੇ ਗੱਲ ਕਰ ਰਹੇ ਪਰ ਅਸਲੀਅਤ ਚ ਤਾਂ ਅੱਜ ਅਸੀਂ ਇੱਕ ਦੂਜੇ ਦੇ ਸਾਹਮਣੇ ਆਉਣਾ ਸੀ । ਓਹ ਵੀ ਉੱਦੋਂ ਜਦੋਂ ਸਾਡਾ ਰਿਸ਼ਤਾ ਹੀ ਉਲਝਿਆ ਹੋਇਆ ਸੀ ।

ਤੇਰੇ ਕਹਿਣ ਦਾ ਮਤਲਬ ਕਿ ਤੁਹਾਡੇ ਘਰ ਚ ਕਿਸੇ ਨੂੰ ਵੀ ਨਹੀਂ ਸੀ ਪਤਾ ਸ਼ਰਨ ਅਤੇ ਉਸਦੇ ਪਰਿਵਾਰ ਦੇ ਤੁਹਾਡੇ ਘਰ ਆਉਣ ਬਾਰੇ, ਹੈਰਾਨ ਹੁੰਦੀ ਸਿਮਰਨ ਬੋਲੀ । ਯਾਰ ਜੇ ਪਤਾ ਹੁੰਦਾ ਤਾਂ ਮੈਨੂੰ ਨਾ ਦੱਸਦੇ । ਉਨ੍ਹਾਂ ਨੂੰ ਬਿਨਾਂ ਦੱਸੇ ਆਇਆ ਦੇਖ ਸਾਡੇ ਘਰ ਦੇ ਸਭ ਚੋਂਕ ਗਏ ਸੀ । ਬੱਸ ਮੂੰਹੋਂ ਹੀ ਕੋਈ ਨਹੀਂ ਸੀ ਬੋਲ ਰਿਹਾ ।

ਪਾਪਾ ਨੇ ਸਭ ਨੂੰ ਕੁਰਸੀਆਂ ਤੇ ਬੈਠਣ ਨੂੰ ਕਿਹਾ ਅਤੇ ਮੰਮੀ ਨੇ ਮੈਨੂੰ ਆਵਾਜ ਲਗਾਈ ਕਿ,"ਅਰਸ਼, ਬਾਹਰ ਪਾਣੀ ਲੈ ਕੇ ਆ। "ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ ਅਤੇ ਬਿਲਕੁਲ ਵੀ ਦਿਲ ਨਹੀਂ ਕਰ ਰਿਹਾ ਬਾਹਰ ਜਾਣ ਨੂੰ ।

ਪਰ ਸਾਰੇ ਉਨ੍ਹਾਂ ਕੋਲ ਬੈਠੇ ਹੋਣ ਕਰਕੇ ਮੈਨੂੰ ਮਜਬੂਰਨ ਟਰੇ ਚ ਪੰਜ ਕੱਚ ਦੇ ਗਲਾਸਾਂ ਚ ਮਾਜ਼ਾ ਪਾ ਕੇ ਬਾਹਰ ਲਿਜਾਣਾ ਪਿਆ । ਬਾਹਰ ਜਾ ਕੇ ਮੈਂ ਪਹਿਲਾ ਸ਼ਰਨ ਦੇ ਫੁੱਫੜ ਜੀ ਦੇ ਅੱਗੇ ਟਰੇ ਕਰਦੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਫਿਰ ਸ਼ਰਨ ਦੇ ਪਾਪਾ ਨੂੰ । ਪਰ ਸ਼ਰਨ ਵੱਲ ਬਿਨਾਂ ਦੇਖੇ ਮੈਂ ਟਰੇ ਉਸ ਦੇ ਅੱਗੇ ਕਰ ਫਟਾਫਟ ਪਾਪਾ ਅਤੇ ਗੁਰਜੀਤ ਨੂੰ ਠੰਡਾ ਦਿੱਤਾ ਅਤੇ ਅੰਦਰ ਰਸੋਈ ਚ ਆ ਗਈ । ਅੰਦਰ ਆ ਕੇ ਜਦੋਂ ਮੈਂ ਆਪਣੇ ਫੋਨ ਦਾ ਨੈੱਟ ਔਨ ਕੀਤਾ ਤਾਂ ਵਟਸਐਪ ਤੇ ਸ਼ਰਨ ਦੇ ਮੈਸਜ ਦੀ ਨੋਟੀਫਿਕੇਸ਼ਨ ਆਈ । ਜਦੋਂ ਮੈਂ ਵਟਸਅੱਪ ਖੋਲ ਮੈ ਦੇਖਿਆ ਤਾਂ ਸ਼ਰਨ ਨੇ ਮੈਸਜ ਚ ਲਿਖਿਆ ਸੀ..................

ਸਾਜਨ ਜੀ ਘਰ ਆਏ

ਦੁਲਹਨ ਕਿਉਂ ਸ਼ਰਮਾਏ .......?

ਮੈਂ ਗੁੱਸੇ ਚ ਬਿਨਾਂ ਰਪਲਾਈ ਕੀਤੇ ਫੋਨ ਬੰਦ ਕਰ ਫਰਿੱਜ ਤੇ ਰੱਖ ਦਿੱਤਾ ਅਤੇ ਬਾਰੀ

ਰਾਹੀਂ ਬਾਹਰ ਸ਼ਰਨ ਨੂੰ ਬੈਠੇ ਨੂੰ ਦੇਖਣ ਲੱਗੀ ।ਸ਼ਰਨ ਕੁਰਸੀ ਤੇ ਭੋਲਾ ਬਣ ਇਵੇ ਬੈਠਾ ਸੀ ਜਿਵੇ ਦੁਨੀਆ ਚ ਓਹਦੇ ਜਿਨ੍ਹਾਂ ਤਾਂ ਸਾਊ ਕੋਈ ਹੈਂ ਹੀ ਨਹੀਂ । ਅੱਜ ਸ਼ਰਨ ਨੂੰ ਮੈਂ ਪਹਿਲੀ ਵਾਰ ਪੱਗ ਚ ਬੰਨੇ ਦੇਖਿਆ ਸੀ ਪਰ ਨੀਲੇ ਰੰਗ ਦੀ ਪੱਗ ਉਸਨੂੰ ਜਚ ਬਹੁਤ ਰਹੀ ਸੀ ।

ਮੰਮੀ ਵੀ ਮੇਰੇ ਮਗਰ ਮਗਰ ਉਨ੍ਹਾਂ ਕੋਲੋਂ ਉੱਠ ਰਸੋਈ ਚ ਆਉਣ ਲੱਗੇ ਹੀ ਸਨ ਕਿ ਸ਼ਰਨ ਦੇ ਫੁੱਫੜ ਬੋਲੇ , " ਭੈਣ ਜੀ ਰੁਕ ਜਾਓ ।" ਪਹਿਲਾ ਜੋ ਗੱਲ ਅਸੀਂ ਕਰਨ ਆਏ ਹਾਂ ਓਹ ਕਰ ਲਈਏ। ਚਾਹ ਤਾਂ ਬਾਅਦ ਚ ਵੀ ਪੀਤੀ ਜਾਓ । ਗੁਡੀਆਂ ਨੂੰ ਵੀ ਬਾਹਰ ਆਵਾਜ ਮਾਰ ਲੋ ।

ਪਾਪਾ ਕਹਿੰਦੇ, "ਦੱਸੋ ਕੀ ਗੱਲ ਕਰਨੀ ਹੈਂ । ਗੁਰਦੀਪ ਅੰਕਲ ਨੇ ਕਿਹਾ ਕਿ ਅਸੀਂ ਪੁਰਾਣੀਆਂ ਸਾਰੀਆਂ ਗੱਲਾਂ ਨੂੰ ਭੁੱਲ ਕੇ ਦੁਆਰਾ ਸ਼ਰਨ ਅਤੇ ਅਰਸ਼ ਦਾ ਰਿਸ਼ਤਾ ਜੋੜਨਾ ਚਾਹੁੰਦੇ ਹਾਂ । ਇਸ ਲਈ ਅਸੀਂ ਅੱਜ ਨਿਮਾਣੇ ਹੋ ਕੇ ਤੁਹਾਡੇ ਘਰ ਆਏ ਹਾਂ । ਜੋ ਇਨ੍ਹਾਂ ਦੋਨਾਂ ਵਿਚਾਰ ਗੱਲਾਂ ਹੋਈਆਂ ਅੱਜ ਅਸੀਂ ਸਾਰੀਆਂ ਗ਼ਲਤਫ਼ਹਿਮੀਆਂ ਨੂੰ ਦੂਰ ਕਰਨਾ ਚਾਹੁੰਦੇ ਆ ।

ਦੇਖ ਗੁਰਦੀਪ! ਮੈਂ ਤੈਨੂੰ ਕਿਹਾ ਸੀ ਕਿ ਜਦੋਂ ਇੱਕ ਵਾਰ ਮਨਾ ਚ ਗੰਢ ਪੀ ਜਾਵੇ ਫਿਰ ਰਿਸ਼ਤਾ ਸਾਰੀ ਉਮਰ ਓਵੇ ਦਾ ਨਹੀਂ ਰਹਿੰਦਾ। ਜਾਂ ਤੁਸੀਂ ਉੱਦੋਂ ਹੀ ਬੋਲਣ ਤੋਂ ਪਹਿਲਾ ਸਾਡੇ ਘਰ ਆ ਕੇ ਗੱਲ ਸਾਫ ਕਰਦੇ ਪਰ ਤੁਸੀਂ ਤਾਂ ਫੋਨ ਤੇ ਹੀ ਮੇਰੀ ਕੁੜੀ ਦੀ ਗ਼ਲਤ ਠਹਿਰਾਉਣ ਲੱਗ ਗਏ । ਇੱਕ ਵਾਰ ਵੀ ਨਹੀਂ ਸੋਚਿਆ ਕਿ ਸਾਡੇ ਮੁੰਡੇ ਦੀ ਵੀ ਗਲਤੀ ਹੋ ਸਕਦੀ ਹੈਂ ।ਨਾਲ਼ੇ ਜੇ ਇੱਕ ਪ੍ਰਤੀਸ਼ਤ ਗੱਲ ਅੱਜ ਸਾਫ ਕਰ ਵੀ ਲਈਏ ਤਾਂ ਕੀ ਗਰੰਟੀ ਆ ਕੇ ਤੁਸੀਂ ਦੁਆਰਾ ਮੇਰੀ ਕੁੜੀ ਤੇ ਝੂਠੇ ਇਲਜਾਮ ਨਹੀਂ ਲਾਓਗੇ । "ਬਾਕੀ ਜੋ ਵੀ ਗੱਲ ਕਰਨੀ ਹੈਂ ਤਾਂ ਚਲੋ ਜਾ ਕੇ ਡਰਾਇੰਗ ਰੂਮ ਚ ਬੈਠ ਕੇ ਕਰਦੇ ਹਾਂ।ਬਾਹਰ ਬੈਠ ਚੰਗਾ ਨਹੀਂ ਲੱਗਦਾ", ਪਾਪਾ ਗੁਰਦੀਪ ਅੰਕਲ ਨੂੰ ਬੋਲੇ ।

ਐਵੇਂ ਕੋਈ ਸੁਣ ਚਾਰ ਗੱਲਾਂ ਆਪਣੇ ਕੋਲੋਂ ਜੋੜ ਪਿੰਡ ਚ ਰੌਲਾ ਪਾਓ । ਸਾਰੇ ਜਾਣੇ ਉੱਠ ਕੇ ਡਰਾਇੰਗ ਰੂਮ ਵਿੱਚ ਜਾ ਕੇ ਸੋਫਿਆਂ ਤੇ ਬੈਠ ਗਏ ਅਤੇ ਪਾਪਾ ਨੇ ਮੈਨੂੰ ਆਵਾਜ ਮਾਰ ਕੇ ਡਰਾਇੰਗ ਰੂਮ ਚ ਬੁਲਾ ਲਿਆ ।

ਗੁਰਦੀਪ ਅੰਕਲ ਨੇ ਮੈਨੂੰ ਪੁੱਛਿਆ ਕਿ ਅਸਲ ਚ ਗੱਲ ਕੀ ਹੋਈ...? ਜਦੋਂ ਮੈਂ ਸ਼ਰਨ ਦੇ ਭੈਣ ਭਰਾ ਵਾਲੀ ਗੱਲ ਦੱਸੀ ਤਾਂ ਓਹ ਮਨ ਗਏ ਕਿ ਠੀਕ ਸਾਡੇ ਬੱਚਿਆਂ ਦੀ

ਗਲਤੀ ਆ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੀ ਗ਼ਲਤੀ ਦਾ ਵੀ ਪਛਤਾਵਾ ਹੋਇਆ ਕਿ ਉਨ੍ਹਾਂ ਨੇ ਬਿਨਾਂ ਪੂਰੀ ਗੱਲ ਜਾਣੇ । ਬਿਨਾਂ ਸੋਚੇ ਸਮਝੇ ਪਾਪਾ ਨੂੰ ਫੋਨ ਕਰ ਦਿੱਤਾ ।

ਪਰ ਇਥੇ ਸਾਰੀ ਗਲਤੀ ਸ਼ਰਨ ਅਤੇ ਉਸਦੇ ਪਰਿਵਾਰ ਦੀ ਵੀ ਨਹੀਂ ਸੀ । ਕੁੱਝ ਹੱਦ ਤੱਕ ਮੈਂ ਵੀ ਰਿਸ਼ਤਾ ਟੁੱਟਣ ਦੀ ਜਿੰਮੇਵਾਰ ਸੀ ਕਿਓਂਕਿ ਮੈਂ ਸ਼ਰਨ ਦੀ ਮਜਾਕ ਚ ਵੀ ਕਹੀ ਗੱਲ ਨੂੰ ਦਿਲ ਤੇ ਲਗਾ ਕੇ ਉਸ ਨਾਲ ਨਾਰਾਜ ਹੋ ਕੇ ਬੈਠ ਜਾਂਦੀ ਸੀ । ਇਸ ਪਿੱਛੇ ਦਾ ਸਭ ਤੋਂ ਵੱਡਾ ਕਾਰਨ ਸੀ ਕਿ ਸਾਡੇ ਘਰ ਚ ਕਦੇ ਕਿਸੇ ਨੇ ਕਿਸੇ ਨੂੰ ਮਜਾਕ ਕੀਤਾ ਹੀ ਨਹੀਂ । ਜਿਸ ਕਰਕੇ ਹਾਸੇ ਮਜਾਕ ਚ ਵੀ ਕਹੀਆਂ ਗੱਲਾਂ ਮੈਨੂੰ ਸੱਚ ਲੱਗਦੀਆਂ ਸੀ । ਦੂਜਾ ਮੇਰਾ ਲੋੜ ਤੋਂ ਵੱਧ ਹਰ ਗੱਲ ਬਾਰੇ ਸੋਚਣਾ ਅਤੇ ਕਿਸੇ ਦਾ ਮੈਨੂੰ ਵਾਰ ਵਾਰ ਫੋਨ ਕਰਨ ਤੇ ਖਿਝਣਾ ਵੀ ਕਾਰਨ ਸੀ । ਮੈਨੂੰ ਨਾ ਕਿਸੇ ਦੀ ਜ਼ਿੰਦਗੀ ਚ ਝਾਕਾ ਝਾਕੀ ਕਰਨ ਦੀ ਆਦਤ ਸੀ ਅਤੇ ਨਾ ਹੀ ਕਿਸੇ ਦਾ ਮੈਨੂੰ ਫੋਨ ਕਰ ਮੇਰੀ ਜ਼ਿੰਦਗੀ ਚ ਨਿੰਨਵੇਂ ਲੈਣਾ।

ਸੱਚ ਕਹਾਂ ਤਾਂ ਸਾਡੇ ਦੋਨਾਂ ਘਰਾਂ ਦੇ ਮਾਹੌਲ ਇੱਕ ਦੂਜੇ ਤੋਂ ਬਹੁਤ ਵੱਖਰੇ ਸੀ। ਇਸ ਲਈ ਇੱਕ ਦੂਜੇ ਨੂੰ ਸਮਝਣ ਦੀ ਜਗ੍ਹਾ, ਅਸੀਂ ਇੱਕ ਦੂਜੇ ਚ ਹੀ ਕਮੀਆਂ ਲੱਭਣ ਲੱਗ ਗਏ।

ਜਦੋਂ ਸਾਰੀਆਂ ਗੱਲਾਂ ਸਾਫ ਹੋ ਗਈਆਂ ਤਾਂ ਗੁਰਦੀਪ ਅੰਕਲ ਨੇ ਪਾਪਾ ਨਾਲ ਵਿਆਦਾ ਕੀਤਾ ਕਿ ਓਹ ਅੱਗੇ ਤੋਂ ਬਿਨਾਂ ਸੋਚੇ ਸਮਝੇ ਇਨ੍ਹਾਂ ਦੇ ਮਾਮਲੇ ਚ ਦਾਖਲਅੰਦਾਜ਼ੀ ਨਹੀਂ ਕਰਨ ਗਏ ਅਤੇ ਪਹਿਲਾ ਪੂਰੀ ਗੱਲ ਜਾਣ ਕੇ ਫਿਰ ਹੀ ਕੋਈ ਨਤੀਜੇ ਤੇ ਪਹੁੱਚਣਗੇ । ਨਾਲ਼ੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸ਼ਰਨ ਦਾ ਰਿਸ਼ਤਾ ਅਰਸ਼ ਲਈ ਦੁਆਰਾ ਸਵੀਕਾਰ ਕਰ ਲਿਆ ਜਾਵੇ ।

ਪਰ ਪਾਪਾ ਨੇ ਸਾਰੀ ਗੱਲ ਮੇਰੇ ਤੇ ਸੁੱਟ ਦਿੱਤੀ ਸੀ ਕਿ ਰਿਸ਼ਤਾ ਕਰਨਾ ਹੈਂ ਜਾਂ ਨਹੀਂ ਇਸ ਦਾ ਫੈਸਲਾ ਮੇਰੀ ਕੁੜੀ ਹੀ ਕਰੇਗੀ । ਜੇ ਉਸਨੂੰ ਕੋਈ ਇਤਰਾਜ ਨਹੀਂ ਸ਼ਰਨ ਨੂੰ ਇੱਕ ਹੋਰ ਮੌਕਾ ਦੇਣ ਲਈ ਤਾਂ ਸਾਨੂੰ ਵੀ ਕੋਈ ਇਤਰਾਜ ਨਹੀਂ ਕਿਓਂਕਿ ਸਾਰੀ ਜ਼ਿੰਦਗੀ ਉਸਨੇ ਬਿਤਾਉਣੀ ਆ ।ਨਾਲ਼ੇ ਸ਼ਰਨ ਨੂੰ ਵੀ ਸਾਫ ਸਾਫ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਪੁੱਤ ਹਰ ਰਿਸ਼ਤੇ ਚ ਲੜਾਈ ਝਗੜੇ ਹੁੰਦੇ ਹਾਂ ਪਰ ਇਸਦਾ ਮਤਲਬ ਇਹ ਨਹੀਂ ਕਿ ਆਪਣੇ ਕੋਲੋਂ ਚਾਰ ਗੱਲਾਂ ਵਧਾ ਅੱਗੇ ਦੱਸੋ । ਨਾਲ਼ੇ ਪਤੀ ਪਤਨੀ ਦੀ ਕੋਈ ਗੱਲ ਜਿਨ੍ਹਾਂ ਚਿਰ ਦੋਨਾਂ ਵਿਚਕਾਰ ਹੈਂ ਰਹੇ ਤਾਂ ਦੋਨਾਂ ਦੀ ਹੀ ਇੱਜ਼ਤ ਹੈਂ ਇਸ ਵਿੱਚ । ਜਦੋਂ ਤੀਜਾ ਬੰਦਾ ਪਤੀ ਪਤਨੀ ਦੇ ਰਿਸ਼ਤਾ ਚ ਆਉਂਦਾ ਹੈਂ ਤਾਂ ਓਹ ਰਿਸ਼ਤੇ ਨੂੰ ਤਾਂ ਹੋਰ

ਉਲਝਾਉਂਦਾ ਹੀ ਹੈਂ, ਨਾਲ ਹੀ ਦੂਜੇ ਦੋਨਾਂ ਇਨਸਾਨਾਂ ਦਾ ਵੀ ਮਜਾਕ ਬਣਾ ਕੇ ਰੱਖ ਦਿੰਦਾ ਹੈਂ । ਇੱਕ ਪਤੀ ਪਤਨੀ ਤੋਂ ਵੱਧ ਕਿਸੇ ਨੂੰ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਦੋਨਾਂ ਦਾ ਰਿਸ਼ਤਾ ਕਿਵੇਂ ਦਾ ਹੈਂ ਅਤੇ ਨਾ ਹੀ ਪਤੀ ਪਤਨੀ ਵਿਚਲੀ ਹੁੰਦੀ ਹਰ ਗੱਲ ਬਾਤ ਪਰਿਵਾਰ ਨੂੰ ਪਤਾ ਹੁੰਦੀ ਹੈਂ । ਪਰਿਵਾਰ ਦੇ ਜੀਅ ਓਹੀ ਬੋਲਣਗੇ ਜੋ ਉਨ੍ਹਾਂ ਨੂੰ ਦੱਸਿਆ ਜਾਵੇਗਾ ।

ਪੁੱਤ ਇੱਕ ਕੁੜੀ ਅਤੇ ਮੁੰਡੇ ਦੀ ਇੱਜ਼ਤ ਉਸਦੇ ਸੋਹਰੇ ਪਰਿਵਾਰ ਚ ਉਨ੍ਹਾਂ ਦੇ ਜੀਵਨਸਾਥੀ ਦੇ ਹੱਥ ਵਿੱਚ ਹੁੰਦੀ ਹੈਂ । ਜੇ ਇੱਕ ਦੂਜੇ ਨੂੰ ਆਪਣੇ ਆਪਣੇ ਘਰ ਚ ਭੰਡਦੇ ਰਹਿਣਗੇ ਤਾਂ ਨਾ ਹੀ ਉਨ੍ਹਾਂ ਦਾ ਇੱਕ ਦੂਜੇ ਦੀ ਨਜ਼ਰ ਚ ਇੱਜ਼ਤ ਰਹੇਗੀ ਅਤੇ ਨਾ ਹੀ ਸੋਹਰੇ ਪਰਿਵਾਰ ਚ ।

ਇਸ ਲਈ ਜ਼ਿੰਦਗੀ ਚ ਕਦੇ ਵੀ ਜੇਕਰ ਲੜਾਈ ਹੁੰਦੀ ਹੈਂ ਤਾਂ ਪਰਿਵਾਰਕ ਜੀਅ ਚ ਗੱਲ ਦਾ ਢੰਡੋਰਾ ਪਿੱਟਣ ਨਾਲੋਂ, ਆਪਸ ਵਿੱਚ ਗੱਲ ਸਲਝਾਉਣ ਦੀ ਕੋਸ਼ਿਸ਼ ਕਰੋ । ਕਈ ਵਾਰ ਗੁੱਸੇ ਚ ਅਸੀਂ ਬਹੁਤ ਕੁੱਝ ਬੋਲ ਦਿੰਦੇ ਪਰ ਉਸ ਦਾ ਪਛਤਾਵਾ ਬਾਅਦ ਚ ਹੁੰਦਾ ਹੈਂ ਜਦੋਂ ਅਸੀਂ ਗੁੱਸਾ ਠੰਡਾ ਹੋਣ ਤੇ ਸੋਚਦੇ ਹਾਂ । ਪਰ ਕਹਿੰਦੇ ਹਨ ਕਿ ਲੰਘਿਆ ਸਮਾਂ ਵਾਪਸ ਨਹੀਂ ਆਉਂਦਾ । ਓਵੇ ਹੀ ਮੂੰਹ ਚੋਂ ਨਿਕਲੇ ਕੜਵੇ ਸ਼ਬਦ ਇੱਕ ਵਾਰ ਦਿਲ ਤੇ ਲੱਗ ਜਾਣ ਤਾਂ ਸਾਰੀ ਉਮਰ ਨਹੀਂ ਭੁਲਦੇ ।

"ਮੇਰੇ ਤੋਂ ਗਲਤੀ ਹੋ ਗਈ ਪਾਪਾ ਜੀ। ਅੱਗੇ ਤੋਂ ਇੱਦਾ ਦਾ ਕੁੱਝ ਨਹੀਂ ਹੁੰਦਾ । ਮੈਂ ਹੱਥ ਜੋੜ ਕੇ ਤੁਹਾਡੇ ਕੋਲੋਂ ਮਾਫੀ ਮੰਗਦਾ ਆ", ਸ਼ਰਨ ਭਾਵੁਕ ਹੋਕੇ ਪਾਪਾ ਨੂੰ ਬੋਲਿਆਂ ।

ਨਹੀਂ ਪੁੱਤਰਾਂ, ਮਾਫੀ ਵਾਲੀ ਗੱਲ ਨਹੀਂ ਕੋਈ । ਤੁਸੀਂ ਸਾਡੇ ਬੱਚੇ ਹੋ ਅਤੇ ਤੁਹਾਨੂੰ ਸਮਝਾਉਣਾ ਸਾਡਾ ਫਰਜ ਹੈਂ । ਬਾਕੀ ਹੁਣ ਅਰਸ਼ ਫੈਸਲਾ ਕਰੂਗੀ ਕਿ ਕੀ ਚਾਹੁੰਦੀ ਹੈਂ ਓਹ । ਜੇ ਤੁਸੀਂ ਦੋਨੋ ਇਕੱਲੇ ਗੱਲ ਕਰਨਾ ਚਾਹੁੰਦੇ ਹੋ ਤਾਂ ਕਰ ਸਕਦੇ ਹੋ । ਇਹ ਸੁਣ ਮੇਰੇ ਦਿਲ ਦੀ ਧੜਕਣ ਵੱਧ ਗਈ ਸੀ ਕਿਓਂਕਿ ਮੈਂ ਇਕੱਲੇ ਸ਼ਰਨ ਨਾਲ ਗੱਲ ਕਰਨ ਲਈ ਹਿੰਮਤ ਹੀ ਨਹੀਂ ਸੀ ਜੁਟਾ ਪਾ ਰਹੀ ।

ਪਰ ਇਸ ਤੋਂ ਪਹਿਲਾ ਕਿ ਮੈਂ ਪਾਪਾ ਨੂੰ ਮਨਾ ਕਰਦੀ, ਸ਼ਰਨ ਹੀ ਬੋਲ ਪਿਆ, "ਹਾਂਜੀ ਪਾਪਾ ਜੀ ਮੈਂ ਗੱਲ ਕਰਨੀ ਆ।" ਇਹ ਸੁਣਦੇ ਸਾਰ ਮੈਂ ਸ਼ਰਨ ਵੱਲ ਦੇਖ ਅੱਖਾਂ ਕੱਢਣ ਲੱਗ ਗਈ ਅਤੇ ਮਨ ਚ ਕਿਹਾ, "ਤੈਨੂੰ ਕਿਸੇ ਨੇ ਪੁੱਛਿਆ ਵੀ ਸੀ, ਗੱਲ ਕਰਨ ਨੂੰ । ਮੈਨੂੰ ਪੁੱਛਿਆ ਸੀ ,"ਮੇਰੀ ਮਰਜੀ ਹੋਣੀ ਚਾਹੀਦੀ ਆ। "ਮੰਮੀ ਨੇ ਮੈਨੂੰ ਸ਼ਰਨ ਨੂੰ

ਫਰਸਟ ਫਲੋਰ ਤੇ ਲੈ ਕੇ ਜਾਣ ਨੂੰ ਬੋਲਿਆਂ ।

ਮੈਂ ਸ਼ਰਨ ਨੂੰ ਲੈ ਜਾ ਕੇ ਆਪਣੇ ਬੈਡ ਰੂਮ ਚ ਪਈ ਕੁਰਸੀ ਦੇ ਕੇ ਆਪ ਬੈਡ ਤੇ ਚੋਂਕੜੀ ਮਾਰ ਬੈਠ ਗਈ । ਮੇਰੇ ਵੱਲ ਹੱਸਦੇ ਹੋਏ ਸ਼ਰਨ ਨੇ ਮੈਨੂੰ ਕਿਹਾ, "ਜਾਨੂੰ ਇਹ ਓਹੀ ਕਮਰਾ ਆ ਨਾ, ਜਿਥੇ ਬੈਠ ਤੂੰ ਮੇਰੇ ਨਾਲ ਗੱਲਾਂ ਕਰਦੀ ਹੁੰਦੀ ਸੀ। "ਲੱਗ ਤਾਂ ਮੈਨੂੰ ਵੀ ਓਹੀ ਰਿਹਾ ਬਾਕੀ ਮੈਨੂੰ ਪਤਾ ਨਹੀਂ,ਕੋਈ ਹੋਰ ਵੀ ਹੋ ਸਕਦਾ,ਮੈਂ ਰੁੱਖੇਪਨ ਚ ਸ਼ਰਨ ਨੂੰ ਜਵਾਬ ਦਿੱਤਾ ।ਵੈਸੇ ਤੇਰੀ ਮਰਨ ਦੀ ਪਲਾਨਿੰਗ ਦਾ ਕੀ ਬਣਿਆ...? ਕਦੋਂ ਮਰਨਾ ਤੂੰ ਹੁਣ.....?

ਸ਼ਰਨ ਨੇ ਮੇਰੇ ਤੇ ਵਿਅੰਗ ਕੱਸਦੇ ਹੋਇਆ ਬੋਲਿਆਂ ।ਮੇਰੀ ਮਰਜ਼ੀ ਮੈਂ ਜਦੋਂ ਮਰਜੀ ਮਰਾਂ ।

ਤੁਹਾਨੂੰ ਕੀ...?ਨਾਲ਼ੇ ਅਜੇ ਮੇਰਾ ਮੂਡ ਹੈਨੀ ਮਰਨ ਦਾ, ਮੈਂ ਖਿੱਝਦੀ ਹੋਈ ਨੇ ਬੋਲੀ ।

ਮੈਨੂੰ ਤਾਂ ਕੋਈ ਨਹੀਂ ਜਦੋਂ ਮਰਜੀ ਮਰੀ । ਪਰ ਮੈਂ ਤਾਂ ਪੁੱਛਿਆ ਜੇ ਮਰਨਾ ਆ ਤਾਂ ਕਰ ਲੈ ਸੁਸਾਈਡ ਹੁਣ । ਮੈਂ ਆਇਆ ਤਾਂ ਹੋਇਆ ਆ । ਵਿਆਹ ਨਾ ਸਹੀ,ਤੇਰਾ ਭੋਗ ਤੇ ਜਲੇਬੀਆਂ ਖਾ ਕੇ ਚੱਲ ਜਾਵਾਂਗਾ,ਇਹ ਕੇ ਸ਼ਰਨ ਹੱਸਣ ਲੱਗ ਗਿਆ ।ਇਨ੍ਹੀ ਕੋਈ ਹਾਸੇ ਵਾਲੀ ਗੱਲ ਤਾਂ ਹੈਂ ਨਹੀਂ, ਇਸ ਤੇ ਖਿੜ ਖਿੜ੍ਹਾ ਕੇ ਹੱਸ ਰਹੇ ਹੋ । ਨਾ ਮੈਨੂੰ ਕੋਈ ਹਾਸਾ ਆਇਆ, ਇਹ ਕਹਿ ਕੇ ਮੈਂ ਬੈਡ ਤੋਂ ਉੱਠਣ ਹੀ ਲੱਗੀ ਸੀ ਕਿ ਫਿਰ ਮੇਰਾ ਹੱਥ ਫੜ ਕੇ ਸ਼ਰਨ ਕਹਿਣ ਲੱਗਾ । ਮੇਰੀ ਗੱਲ ਸੁਣ ਜਾਨ, ਮੈਂ ਮੰਨਦਾ ਮੈਂ ਵੀ ਗ਼ਲਤੀਆਂ ਕੀਤੀਆਂ ਅਤੇ ਆਪਣੀਆਂ ਸਾਰੀਆਂ ਗ਼ਲਤੀਆਂ ਲਈ ਮਾਫੀ ਵੀ ਮੰਗਦਾ ਆ । ਪਰ ਤੂੰ ਵੀ ਇਹ ਗੱਲ ਜਾਣਦੀ ਆ ਕਿ ਗ਼ਲਤੀਆਂ ਤੇਰੀਆਂ ਵੀ ਸੀ । ਹੁਣ ਜੇ ਉਨ੍ਹਾਂ ਗੱਲਾਂ ਨੂੰ ਚੇਤੇ ਰੱਖੀ ਰੱਖਾਂਗੇ ਤਾਂ ਆਪਾਂ ਕਦੇ ਨਹੀਂ ਅੱਗੇ ਵੱਧ ਸਕਦੇ । ਇਸ ਲਈ ਪਿਛਲੀਆਂ ਗੱਲਾਂ ਨੂੰ ਭੁਲ ਕੇ ਇੱਕ ਨਵੀ ਸ਼ੁਰੂਆਤ ਕਰਦੇ ਹਾਂ ।

ਨਾਲ਼ੇ ਤੈਨੂੰ ਪਤਾ ਆ ਕਿ ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ । ਜੇ ਨਾ ਕਰਦਾ ਹੁੰਦਾ ਤਾਂ ਮੈਂ ਰਿਸ਼ਤਾ ਤੋੜਨ ਤੋਂ ਬਾਅਦ ਕਦੇ ਪਿਛੇ ਨਹੀਂ ਸੀ ਮੁੜਨਾ । ਸ਼ਰਨ ਦੀਆਂ ਗੱਲਾਂ ਸੁਣ ਮੇਰੀਆਂ ਅੱਖਾਂ ਚੋਂ ਅੱਥਰੂ ਨਿੱਕਲ  ਆਏ । ਉਸਨੇ ਮੇਰੀਆਂ ਅੱਖਾਂ ਚੋਂ ਹੰਝੂ ਆਪਣੇ ਰੁਮਾਲ ਨਾਲ ਸਾਫ ਕੀਤੇ ਅਤੇ ਕਿਹਾ ਹੁਣ ਤੇਰਾ ਫੈਸਲਾ ਕੀ ਆ......?

ਤੂੰ ਵਿਆਹ ਕਰਵਾਉਣਾ ਮੇਰੇ ਨਾਲ ਕਿ ਨਹੀਂ.....?

ਜੇ ਨਹੀਂ ਤਾਂ............?

ਅਜੇ ਸ਼ਰਨ ਕਹਿਣ ਲੱਗਾ ਸੀ ਮੈਂ ਹਾਂ ਵਿੱਚ ਸਿਰ ਹਿਲਾ ਦਿੱਤਾ ।

ਜਾਨ! ਜੇ ਤੂੰ ਸੋਚਣਾ ਆ ਤਾਂ ਸੋਚਲਾ, ਇੱਕ ਵਾਰ । ਫਿਰ ਇਹ ਨਾ ਹੋਵੇ, ਵਿਆਹ ਤੋਂ ਬਾਅਦ ਤੂੰ ਆਪਣੀਆਂ ਸਹੇਲੀਆਂ ਨੂੰ ਫੋਨ ਕਰ ਰੋਇਆ ਕਰੇ ਅਤੇ ਕਿਹਾ ਕਰੇ ਮੇਰੀ ਜ਼ਿੰਦਗੀ ਖ਼ਰਾਬ ਹੋ ਗਈ ਵਿਆਹ ਕਰਾ ਕੇ ਕਿਓਂਕਿ ਅੱਥਰੂ ਤਾਂ 24 ਘੰਟੇ ਤੇਰੀਆਂ ਅੱਖਾਂ ਚ ਰਹਿੰਦੇ ਆ। ਹਰ ਗੱਲ ਤੇ ਤੂੰ ਅੱਖ ਭਰਦੀ ਆ,ਸ਼ਰਨ ਨੇ ਹੱਸਦੇ ਹੋਏ ਕਿਹਾ । ਓਹ ਤਾਂ ਮੈਂ ਕਰੂ, ਜੇ ਤੁਸੀਂ ਨਾ ਸੁਧਰੇ, ਮੈਂ ਵੀ ਮੂੰਹ ਬਨਾਉਂਦੇ ਹੋਏ ਹੱਸਦੇ ਹੋਏ ਬੋਲੀ । ਚਲ ਫਿਰ ਹੁਣ ਥੱਲੇ ਚੱਲ ਕੇ ਘਰਦਿਆਂ ਨੂੰ ਅਪਣਾ ਫੈਸਲਾ ਸੁਣਾ । ਨਹੀਂ ਤਾਂ ਤੇਰਾ ਗਲਾ ਘੁੱਟ ਇਥੇ ਮਾਰਦੂ ।

ਫੈਸਲਾ ਤਾਂ ਬਾਅਦ ਚ ਦੱਸਦੀ  ਆ ਪਹਿਲਾ ਇਹ ਦੱਸੋ ਮੈਨੂੰ .......?

ਤੁਸੀਂ ਮੈਨੂੰ ਦੱਸਿਆ ਕਿਉਂ ਨਹੀ ਕਿ ਤੁਸੀਂ ਇੰਡੀਆ ਆਉਣ ਲੱਗੇ ਹੋ । ਟੈਕਸ ਪੈਣਾ ਸੀ ਜੇ ਤੁਸੀਂ ਦੱਸ ਦਿੰਦੇ ਤਾਂ, ਮੈਂ ਸ਼ਰਨ ਨੂੰ ਰੋਕ ਕੇ ਬੋਲੀ ।

ਪਹਿਲਾ ਮੈਨੂੰ ਇਹ ਦੱਸ ਜਾਨ .? ਤੂੰ ਰਿਸ਼ਤਾ ਟੁੱਟਣ ਤੋਂ ਬਾਅਦ ਸਿਧੇ ਮੂੰਹ ਮੇਰੇ ਨਾਲ ਗੱਲ ਕਦੋਂ ਕੀਤੀ ਸੀ । ਸਾਲ ਭਰ ਤੈਨੂੰ ਮੈਸਜ ਕਰਦਾ ਰਿਹਾ। ਤੇਰੀਆਂ ਮਿਨਤਾਂ ਕਰਦਾ ਰਿਹਾ ਪਰ ਤੇਰੀਆਂ  ਅੱਗੋਂ ਆਕੜਾਂ ਨਹੀਂ ਮਾਣ ਸੀ । ਫਿਰ ਮੈਂ ਲਾ ਲਿਆ ਹਿਸਾਬ ਕਿ ਇੱਦਾ  ਨਹੀਂ ਕੰਮ ਸਿਰੇ ਚੜ੍ਹਨਾ । ਇੰਡੀਆਂ  ਜਾ ਕੇ ਸਿੱਧੀ ਬਾਪੂ ਨਾਲ ਗੱਲ ਕਰਨੀ ਪੈਣੀ ਆ । ਜਦੋਂ ਬਾਪੂ ਮਨ ਗਿਆ ਫਿਰ ਮੋਟੀ ਨੂੰ ਕਿੰਨੇ ਪੁੱਛਣਾ । ਬੱਸ ਫਿਰ ਮੈਂ ਟਿਕਟ ਕਟਾਈ ਆ ਗਿਆ ਇੰਡੀਆ ਅਤੇ ਅੱਜ ਤੁਹਾਡੇ ਘਰ, ਚਿਹਰੇ ਤੇ ਹਲਕੀ ਜਹੀ ਮੁਸਕਾਨ ਲਿਆ ਕੇ ਸ਼ਰਨ ਬੋਲਿਆਂ ।

"ਮੇਰੀ ਲਈ ਕੀ ਗਿਫਟ ਲੈ ਕੇ ਆਏ ਹੋ", ਇਹ ਦੱਸੋ ਪਹਿਲਾ ਫਿਰ ਮੈਂ ਅਪਣਾ ਹੱਥ ਸ਼ਰਨ ਦੇ ਅੱਗੇ ਕਰਦੀ ਬੋਲੀ ।

ਤੇਰੇ ਲਈ ਗਿਫਟ................

ਹਾਂਜੀ ਗਿਫ਼ਟਟ .....?

ਜਾਨੂੰ ਹੁਣ ਆਪਣੀ ਗੱਲ ਤੇ ਕੈਮ ਰਹਿ । ਤੂੰ ਆਪੇ ਹੀ ਕਹਿੰਦੀ ਸੀ ਨਾ, ਕਿ ਮੈਂ ਵਿਆਹ ਤੋਂ ਪਹਿਲਾ ਕੁੱਝ ਨਹੀਂ ਲੈਣਾ । ਫਿਰ ਆਹ ਹੁਣ ਗਿਫਟ ਕਿਥੋਂ ਆ ਗਿਆ,

ਸ਼ਰਨ ਹੱਸਦੇ ਹੋਏ ਕਹਿਣ ਲੱਗਾ ।

ਜੇ ਤੂੰ ਮੇਰੇ ਕੋਲੋਂ ਹੁਣ ਗਿਫਟ ਲਿਆ ਤਾਂ ਤੂੰ ਫਿਰ ਆਪਣੀ ਕਹੀ ਗੱਲ ਤੇ ਝੂਠੀ ਪੈ ਜਾਣਾ ਆ ।

ਮੈਂ.. ਮ.. ਮੈਂ  ਤਾਂ ਓਵੇ ਹੀ ਲੱਗੀ ਸੀ, ਮਜਾਕ ਕਰਨ । ਮੈਨੂੰ ਨਹੀਂ ਚਾਹੀਦਾ ਕੋਈ ਗਿਫਟ ਸ਼ਿਫਟ । ਚਲੋ ਚਲੋ ਥੱਲੇ ਚੱਲੀਏ । ਸਾਰੇ ਇੰਤਜਾਰ ਕਰ ਰਹੇ ਆ ਆਪਣਾ, ਮੈਂ ਆਪਣੇ ਆਪ ਨੂੰ ਫਸਦੀ ਦੇਖ ਗੱਲ ਬਦਲ ਲਈ ।

ਅਸੀਂ ਥੱਲੇ ਡਰਾਇੰਗ ਰੂਮ ਚ ਆ ਕੇ ਮੈਂ ਆਪਣਾ ਫੈਸਲਾ ਪਾਪਾ ਹੋਣਾ ਨੂੰ ਸੁਣਾ ਦਿੱਤਾ। ਪਰ ਪਾਪਾ ਨੇ ਮੇਰਾ ਫੈਸਲਾ ਸੁਣ ਮੈਨੂੰ ਹੀ ਸਮਝਾਉਣਾ ਸ਼ੁਰੂ ਕਰ ਦਿੱਤਾ ਜੋ ਕੇ ਸਹੀ ਵੀ ਸੀ ਅਤੇ ਜਰੂਰੀ ਵੀ ।

ਅੱਛਾ ਕੀ ਕਹਿੰਦੇ ਅੰਕਲ ਜੀ ਤੈਨੂੰ, ਸਿਮਰਨ ਅਰਸ਼ ਨੂੰ ਗੱਲ ਦੇ ਵਿੱਚੇ ਟੋਕਦੇ ਹੋਏ ਬੋਲੀ । ਪਾਪਾ ਕਹਿੰਦੇ ਪੁੱਤ, ਇਥੇ ਤੂੰ ਇਕੱਲੀ ਰਹੀ ਆ ਅਤੇ ਓਥੇ ਇਨ੍ਹਾਂ ਦਾ ਸਾਂਝਾ ਪਰਿਵਾਰ ਹੈਂ । ਸਾਂਝੇ ਪਰਿਵਾਰ ਚ ਸੋ ਗੱਲਾਂ ਬਾਤਾਂ ਹੁੰਦੀਆਂ ਨੇ ਪਰ ਇਸ ਦਾ ਮਤਲਬ ਇਹ ਨਹੀਂ ਕੇ ਤੂੰ ਮੂੰਹ ਬਣਾ ਕੇ ਬੈਠੀ ਰਹੇ । ਤੈਨੂੰ ਵੀ ਪਤਾ ਹੈਂ ਕਿ ਆਪਣੇ ਘਰ ਅਤੇ ਇਨ੍ਹਾਂ ਦੇ ਘਰ ਦੇ ਮਾਹੌਲ ਚ ਜਮੀਨ ਅਸਮਾਨ ਜਿਨ੍ਹਾਂ ਫਰਕ ਆ । ਮੈਂ ਜਾਣਦਾ ਹਾਂ ਕਿ ਤੈਨੂੰ ਕਿਸੇ ਦੀ ਜ਼ਿੰਦਗੀ ਚ ਦਿਲਚਪਸੀ ਨਹੀਂ ਅਤੇ ਨਾ ਹੀ ਜਦੋਂ ਕੋਈ ਤੇਰੀ ਜ਼ਿੰਦਗੀ ਚ ਦਖ਼ਲਅੰਦਾਜ਼ੀ ਕਰਦਾ ਹੈਂ ਤਾਂ ਤੈਨੂੰ ਓਹ ਵੀ ਪਸੰਦ ਨਹੀਂ । ਤੈਨੂੰ ਆਪਣੇ ਆਪ ਨੂੰ ਬਦਲਣਾ ਪੈਣਾ ਹੈਂ । ਜਿਵੇ ਤੂੰ ਨਿੱਕੀ ਨਿੱਕੀ ਗੱਲ ਦਿਲ ਤੇ ਲਗਾ ਕੇ ਰੋਣਾ ਰੋਣਾ ਸ਼ੁਰੂ ਕਰਦੀ ਦਿੰਦੀ ਏ ਅਤੇ ਗੁੱਸੇ ਹੋ ਕਮਰੇ ਚ ਵੜ ਬੈਠ ਜਾਂਦੀ ਹੈਂ ਤੈਨੂੰ ਓਹ ਆਪਣੀ ਆਦਤ ਵੀ ਛੱਡਣੀ ਪੈਣੀ ਹੈਂ । ਮੈਂ ਨਹੀਂ ਚਾਹੁੰਦਾ ਜੋ ਤੁਹਾਡੇ ਦੋਵਾਂ ਵਿਚਕਾਰ ਹੁਣ ਹੋਇਆ ਓਹ ਕੁੱਝ ਦੁਬਾਰਾ ਹੋਵੇ ।

ਬਾਕੀ ਤੁਸੀਂ ਦੋਨੋ ਹੀ ਸਿਆਣੇ ਸਮਝਦਾਰ ਹੋ ਅਤੇ ਜ਼ਿੰਦਗੀ ਤੁਸੀਂ ਦੋਨਾਂ ਨੇ ਹੀ ਇੱਕ ਦੂਜੇ ਨਾਲ ਨਿਭਾਉਣੀ ਹੈਂ। ਜੇ ਮੀਆਂ ਬੀਵੀ ਰਾਜੀ ਤਾਂ ਕੀ ਕਰੇਗਾ ਕਾਜ਼ੀ, ਹੱਸਦੇ ਹੋਏ ਪਾਪਾ ਬੋਲੇ ।

ਪਾਪਾ ਨੇ ਸ਼ਰਨ ਨੂੰ ਪੁੱਛਿਆ ਕਿ ਪੁੱਤ ਕਿੰਨੇ ਮਹੀਨੇ ਦੀ ਛੁੱਟੀ ਆਇਆ ਆ....? ਮੇਰਾ ਇਰਾਦਾ ਤੁਹਾਡਾ ਵਿਆਹ ਹੁਣ ਕਰ ਦੇਈਏ ਕਿਓਂਕਿ ਜੇ ਹੁਣ ਫਿਰ ਸਮਾਂ ਵਿਆਹ ਵਿੱਚ ਪਾਇਆ ਤਾਂ ਤੁਹਾਡਾ ਦੋਨਾਂ ਦਾ ਕੋਈ ਭਰੋਸਾ ਨਹੀਂ ਫਿਰ ਨਵਾਂ ਡਰਾਮਾ

ਖੜ੍ਹਾ ਕਰੋ ।

ਪਾਪਾ ਮੈਂ ਡੇਢ ਮਹੀਨੇ ਦੀ ਛੁੱਟੀ ਆਇਆ ਹਾਂ ਅਤੇ ਮੇਰੇ ਇਰਾਦਾ ਵਿਆਹ ਕਰਕੇ ਜਾਣ ਦਾ ਹੈਂ । ਪਰ ਮੈਂ ਵਿਆਹ ਬਿਲਕੁਲ ਸਾਦੇ ਢੰਗ ਨਾਲ ਕਰਵਾਉਣਾ ਚਾਹੁੰਦਾ ਹੈਂ । ਜੇ ਤੁਸੀਂ ਸਾਰੇ ਸਹਿਮਤ ਹੋ ਤਾਂ ਮੈਂ ਅਰਸ਼ ਨੂੰ ਅਗਲੇ ਹਫਤੇ ਹੀ ਚੁੰਨੀ ਚੜਾ ਕੇ ਗੁਰੂਦਵਾਰਾ ਸਾਹਿਬ ਫ਼ੇਰੇ ਲੈ ਕੇ ਲਿਜਾਣਾ ਚਾਹੁੰਦਾ ਹੈਂ ਕਿਓਂਕਿ ਮੈਨੂੰ ਤੁਹਾਡੀ ਕੁੜੀ ਦੇ ਮੂਡ ਤੇ ਯਕੀਨ ਨਹੀਂ । ਹਰ 15 ਮਿੰਟ ਬਾਅਦ ਇਹਦਾ ਮੂਡ ਬਦਲਦਾ ਹੈਂ। ਸ਼ਰਨ ਦੀ ਗੱਲ ਸੁਣ ਕੇ ਸਾਰੇ ਹੱਸਣ ਲੱਗ ਗਏ ਅਤੇ ਸਭ ਨੇ ਚੁੰਨੀ ਚੜਾਵਾ ਕਰਨ ਲਈ ਸਹਿਮਤੀ ਦੇ ਦਿੱਤੀ ।ਸ਼ਰਨ ਦੇ ਡੈਡੀ ਜੀ ਨੇ ਵੀ ਕਿਹਾ ਕਿ ਓਹ ਸਿਰਫ ਘਰ ਦੇ ਜੀਅ ਆਉਣਗੇ।ਰੋਟੀ ਦਾ ਇੰਤਜਾਮ ਕਰਨ ਦੀ ਕੋਈ ਲੋੜ ਨਹੀਂ । ਅਸੀਂ ਗੁਰੂਦਵਾਰਾ ਸਾਹਿਬ ਤੋਂ ਫੇਰੇ ਕਰ, ਨਾਲ਼ੇ ਘਰ ਫੇਰਾ ਪਾ ਜਾਣਾ ਅਤੇ ਨਾਲ਼ੇ ਚਾਹ ਪਾਣੀ ਪੀ ਕੇ ਡੋਲੀ ਲੈ ਤੁਰ ਪੈਣਾ ਹੈਂ । ਲੈਣ ਦੇਣ ਚ ਸਾਨੂੰ ਕੁੱਝ ਨਹੀਂ ਚਾਹੀਦਾ । ਸਾਰੇ ਜਾਣੇ ਬਹੁਤ ਖੁਸ਼ ਸਨ ।

ਪਰ ਮੈਂ ਸਭ ਨੂੰ ਟੋਕਦੇ ਹੋਏ ਬੋਲੀ ਕਿ ਮੈਂ ਸੂਟ ਸਵਾਉਣੇ ਆ । ਮੇਰੇ ਸੂਟ ਨਹੀਂ ਸੀਤੇ ਜਾਣੇ ਇਨ੍ਹੀ ਜਲਦੀ ।

ਬੱਸ ਕਰ, ਤੂੰ ਚਿੰਤਾ ਨਾ ਲੈ ਆਪਣੇ ਸੂਟਾਂ ਦੀ । ਓਹ ਮੇਰੀ ਸਿਰਦਰਦੀ ਆ । ਮੈਂ ਆਪੇ ਦੇਖਲੁ । ਹੁਣ ਬਹਾਨੇ ਨਾ ਲੱਭ ਵਿਆਹ ਨੂੰ ਟਾਲਣ ਦੇ । ਵਿਆਹ ਤਾਂ ਅਗਲੇ ਹਫਤੇ ਹੋਣਾ ਆ । ਬੱਸ ਤੂੰ ਆਪਣੇ ਲਹਿੰਗੇ ਦਾ ਬਦੋਬਸਤ ਕਰ ਜੋ ਤੂੰ ਵਿਆਹ ਤੇ ਪਾਉਣਾ । ਬਾਕੀ ਮੈਂ ਦੇਖ ਲੂ, ਸ਼ਰਨ ਮੈਨੂੰ ਗੁੱਸੇ ਹੁੰਦਾ ਕਹਿਣ ਲੱਗਾ ।ਫਿਰ ਸਭ ਨੂੰ ਮਿਲ ਕੇ ਸ਼ਰਨ ਹੋਣੀ ਚੱਲੇ ਗਏ ਅਤੇ ਜਾਂਦੇ ਹੋਏ ਸ਼ਰਨ ਮੇਰੇ ਕੰਨ ਚ ਕਹਿ ਗਿਆ, "ਜੋ ਮਰਜ਼ੀ ਕਰਲਾ, ਹੁਣ ਨਹੀਂ ਮੈਂ ਤੈਨੂੰ ਪਿੱਛੇ ਹੱਟਣ ਦਿੰਦਾ ।

ਸ਼ਰਨ ਹੋਣਾ ਦੇ ਜਾਣ ਤੋਂ ਬਾਅਦ ਮੰਮੀ ਨੇ ਮੇਰੇ ਨਾਨਕਿਆਂ ਨੂੰ ਫੋਨ ਕਰਕੇ ਵਿਆਹ ਦੀ ਤਾਰੀਖ ਦੱਸ ਦਿੱਤੀ ਅਤੇ ਨਾਲ ਹੀ ਵਿਆਹ ਤੇ ਕੁੱਝ ਵੀ ਲੈ ਕੇ ਨਾ ਆਉਣ ਲਈ ਕਹਿ ਦਿੱਤਾ ।ਸਾਦੇ ਢੰਗ ਨਾਲ ਵਿਆਹ ਹੋਣ ਕਰਕੇ ਵਿਆਹ ਵਿੱਚ ਮੇਰੇ ਨਾਨਕਿਆ ਦਾਦਕਿਆ ਤੋਂ ਇਲਾਵਾ ਕਿਸੇ ਹੋਰ ਨੂੰ ਨਹੀਂ ਬੁਲਾਇਆ ਗਿਆ ਸੀ ਅਤੇ ਨਾ ਹੀ ਪਿੰਡ ਚ ਕਿਸੇ ਨੂੰ ਸੱਦਾ ਦਿੱਤਾ ਗਿਆ । ਮੇਰੇ ਨਾਨਕਿਆ ਦਾਦਕਿਆ ਨੇ ਹੀ ਮਿਲਕੇ ਗਾਉਣ ਅਤੇ ਹਲਦੀ ਦੀਆਂ ਰਸਮਾਂ ਕੀਤੀਆਂ ਸਨ ।

ਬੁੱਧਵਾਰ ਨੂੰ ਸ਼ਰਨ ਅਤੇ ਮੇਰਾ ਵਿਆਹ ਬਹੁਤ ਸਾਦੇ ਢੰਗ ਨਾਲ ਨਪੇੜੇ ਚੜ੍ਹ ਗਿਆ ।

ਵਿਆਹ ਵਾਲੇ ਦਿਨ ਮੈਂ ਪਿੰਕ ਕਲਰ ਦਾ ਲਹਿੰਗਾ ਅਤੇ ਸ਼ਰਨ ਨੇ ਵਾਈਨ ਕਲਰ ਦਾ ਕੋਟ ਪੇਂਟ ਦੇ ਨਾਲ ਪਿੰਕ ਕਲਰ ਦੇ ਪੱਗ ਅਤੇ ਪਿੰਕ ਕਲਰ ਦੀ ਸ਼ਰਟ ਪਈ ਹੋਈ ਸੀ । ਬਰਾਤ ਵਿੱਚ ਸ਼ਰਨ ਅਤੇ ਉਸਦੇ  ਪਰਿਵਾਰਕ ਜੀਅ ਤੋਂ ਇਲਾਵਾ ਹੋਰ ਕੋਈ ਨਾ ਸੀ ।

ਮਤਲਬ ਤੁਸੀਂ ਮੈਰਿਏਡ ਹੋ...? ਹੈਰਾਨ ਹੁੰਦੀ ਸਿਮਰਨ ਬੋਲੀ।

ਹਾਂਜੀ! ਮੈਂ ਵਿਆਹੀ ਹੋਈ ਆ ।

ਕਿਉਂ..? ਤੁਹਾਨੂੰ ਯਕੀਨ ਨਹੀਂ................. ਮੈਂ ਹੱਸਦੇ ਹੋਏ ਬੋਲੀ ।

ਤੁਸੀਂ ਤਾਂ ਦੇਖਣ ਚ ਤਾਂ ਲਗਦੇ ਹੀ ਨਹੀਂ ਮੈਰਿਏਡ । " ਯਾਰ ਨਾ ਤਾਂ ਤੂੰ ਬਿੰਦੀ,ਸੰਧੂਰ,ਚੂੜਾ ਵਗੈਰਾ ਕੁੱਝ ਵੀ ਨਹੀਂ ਲਾਇਆ ਅਤੇ ਪਾਇਆ,"ਗੰਭੀਰਤਾ ਨਾਲ ਸਿਮਰਨ ਨੇ ਪੁੱਛਿਆ ।

ਸਿਮਰਨ ਮੇਰੇ ਵਿਆਹ ਨੂੰ ਸਵਾ ਸਾਲ ਤੋਂ ਉਪਰ ਹੋ ਚੁੱਕਾ ਹੈਂ ਅਤੇ ਮੈਨੂੰ ਸੱਜਣਾ ਸਵਰਨਾ ਇਨ੍ਹਾਂ ਪਸੰਦ ਨਹੀਂ । ਮੈਂ ਚੰਗਾ ਲੱਗਦਾ ਹੈਂ ਸਾਦੇ ਰਹਿਣਾ ।

ਪਰ ਯਾਰ ਮੈਂ ਬਹੁਤ ਖੁਸ਼ ਹਾਂ ਕਿ ਤੁਹਾਡੇ ਦੋਨਾਂ ਦਾ ਵਿਆਹ ਹੋ ਗਿਆ ।" ਤੁਹਾਡੀ ਪਾਕ -ਮੁਹੱਬਤ ਇਨ੍ਹੀਆਂ ਗਲਤਫਹਿਮੀਆਂ ਲੜਾਈ ਝਗੜਿਆ ਚੋਂ ਗੁਜਰਦੀ ਹੋਈ ਪੂਰੀ ਹੋਈ", ਖੁਸ਼ ਹੁੰਦੇ ਹੋਏ ਸਿਮਰਨ ਬੋਲੀ ।

ਸਹੀ ਕਿਹਾ ਤੂੰ ਸਿਮਰਨ । ਮੈਂ ਤਾਂ ਉਮੀਦ ਹੀ ਛੱਡ ਦਿੱਤੀ ਸੀ ਪਰ ਸ਼ਰਨ ਦਾ ਵਿਸ਼ਵਾਸ ਸੀ ਕਿ ਅਸੀਂ ਇੱਕ ਦੂਜੇ ਲਈ ਹੀ ਬਣੇ ਆ ਅਤੇ ਸਾਡਾ ਹੀ ਵਿਆਹ ਹੋਣਾ ਆ ਆਪਸ ਚ ਕਿਓਂਕਿ ਸਾਡਾ ਜਿਸਮਾਂ ਦਾ ਨਹੀਂ ਰੂਹਾਂ ਦਾ ਰਿਸ਼ਤਾ ਹੈਂ । ਕੀਤੇ ਨੇ ਕੀਤੇ ਓਹ ਸੱਚ ਵੀ ਕਹਿ ਰਿਹਾ ਸੀ ਕਿਓਂਕਿ ਸਾਡਾ ਰਿਸ਼ਤਾ ਟੁੱਟ ਕੇ  ਵੀ ਟੁੱਟਿਆ ਨਹੀਂ ਸੀ ।

ਸਾਨੂੰ ਕਦੇ ਮਹਿਸੂਸ ਨਹੀਂ ਹੋਇਆ ਕਿ ਅਸੀਂ ਅਲੱਗ ਹੋ ਚੁੱਕੇ ਆ । ਸ਼ਾਇਦ ਸਾਡਾ ਪਿਆਰ ਸੱਚਾ ਸੀ ਤਾਂਹੀ ਵਾਹਿਗੁਰੂ ਜੀ ਨੇ ਸਾਨੂੰ ਸਾਡੀਆਂ ਹੀ ਗ਼ਲਤੀਆਂ ਕਰਕੇ ਰਿਸ਼ਤਾ ਟੁੱਟਨ ਤੋਂ ਬਾਅਦ ਫਿਰ ਮਿਲਾ ਦਿੱਤਾ ।

ਐਵੇਂ ਨਹੀਂ ਕਿਹਾ ਕਿਸੇ ਨੇ.......

ਸਹਲ ਨਹੀਂ ਹੋਤਾ ਜੇ ਮੁਹੱਬਤ ਏ ਸਫ਼ਰ

ਜੋ ਹੋ ਜਾਏ ਮੁਕੰਮਲ ਬਿਨਾਂ ਏ  ਜ਼ਹਿਮਤ

ਗੁਜਰਨਾ ਪੜਤਾ ਹੈ ਦਰਦ ਭਰੇ ਲਮਹੋਂ ਸੇ

ਮਿਲਤੇ ਹੈ  ਦੋ ਮਹਿਬੂਬ ਜਬ ਹੋ ਅੱਲ੍ਹਾ ਕੀ ਰਹਿਮਤ

ਸਾਡੇ ਦੋਨਾਂ ਦੇ ਵਿੱਚ ਕੁੱਝ ਖਾਸ ਗੱਲਾਂ ਜੋ ਦੋਨਾਂ ਦੀ ਰੂਹ ਨੂੰ ਇੱਕ ਦੂਜੇ ਨਾਲ ਹਮੇਸ਼ਾ ਜੋੜਦੀਆਂ ਸਨ ਓਹ ਸੀ ਦੋਨਾਂ ਦਾ ਇਕੋ ਤਾਰੀਖ,ਇੱਕੋ ਦਿਨ, ਇੱਕੋ ਮਹੀਨੇ ਅਤੇ ਇਕੋ ਸਮੇ ਤੇ ਦੋਨਾਂ ਦਾ ਜਨਮ ਦੇ ਨਾਲ ਨਾਲ ਦੋਨਾਂ ਦਾ ਸਾਹਿਤ,ਡਰਾਇੰਗ ਚ ਰੁਚੀ ਅਤੇ ਗੁਰਬਾਣੀ ਤੇ ਅਟੁੱਟ ਵਿਸ਼ਵਾਸ਼ ।

ਸੱਚੀ! ਤੁਹਾਡਾ ਜਨਮ ਦਿਨ ਇਵੇ ਆਉਂਦਾ ਹੈਂ । ਹਾਊ ਰੋਮੈਂਟਿਕ, ਯਾਰ ਅਰਸ਼, ਪਿਆਰ ਭਰੇ ਲਹਿਜੇ ਚ ਸਿਮਰਨ ਨੇ ਕਿਹਾ ।

ਹਾਂਜੀ । ਬਾਕੀ ਸੱਚ ਕਹਾਂ ਸਿਮਰਨ ਤਾਂ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ । ਕੀਤੇ ਨਾ ਕੀਤੇ ਗ਼ਲਤੀ ਦੋਨਾਂ ਪਾਸਿਆ ਦੀ ਹੁੰਦੀ ਹੈਂ । ਭਾਵੇਂ ਥੋੜੀ ਹੋਵੇ ਅਤੇ ਭਾਵੇਂ ਜਿਆਦਾ ।  ਪਰ ਅਸੀਂ ਆਪਣੀ ਗਲਤੀ ਨੂੰ ਸਮਝਣ ਦੀ ਜਗ੍ਹਾ ਦੂਜੇ ਚ ਦੋਸ਼ ਕੱਢਣਾ ਸ਼ੁਰੂ ਕਰ ਦਿੰਦੇ ਹਾਂ ਕਿਓਂਕਿ ਸਾਡੀ ਸੋਚ ਹੁੰਦੀ ਹੈਂ ਕਿ ਮੈਂ ਕਦੇ ਗਲਤ ਨਹੀਂ ਹੋ ਸਕਦਾ ਜਾਂ ਸਕਦੀ । ਜਦੋਂ ਕੋਈ ਵੀ ਰਿਸ਼ਤਾ ਹੁੰਦਾ ਉਸ ਤੋਂ ਬਾਅਦ ਸਾਨੂੰ ਸਮਾਂ ਦੇਣਾ ਚਾਹੀਦਾ ਆਪਣੇ ਜੀਵਨਸਾਥੀ ਨੂੰ ਆਪਣੇ ਆਪ ਨੂੰ ਬਦਲਣ ਲਈ ਕਿਓਂਕਿ ਸਰਦੀ ਗ਼ਰਮੀ ਇੱਕ ਦਮ ਨਾ ਆਉਂਦੀ ਹੈਂ ਨਾ ਜਾਂਦੀ ਓਵੇ ਹੀ ਇਨਸਾਨ ਦੀਆਂ ਆਦਤਾਂ ਵੀ ਇੱਕ ਦਮ ਨਹੀਂ ਬਦਲਦੀਆਂ ।  ਹਰ ਪਰਿਵਾਰ ਦੇ ਤੌਰ ਤਰੀਕੇ ਅਲੱਗ ਅਲੱਗ ਹੁੰਦੇ ਨੇ ਅਤੇ ਜਿਸ ਚ ਓਹ ਵੱਡਾ ਹੋਇਆ ਉਸ ਵਿੱਚੋ ਓਹ ਤਰੀਕੇ ਇੱਕ ਦਮ ਤਾਂ ਨਹੀਂ ਅਸੀਂ ਕੱਢ ਸਕਦੇ ।

ਇਨ੍ਹੇ ਨੂੰ ਨਰਸ ਨੇ ਕੁਲਵਿੰਦਰ ਕੌਰ ਕਹਿ ਕੇ ਅਵਾਜ ਲਗਾਈ ਅਤੇ ਅਰਸ਼ ਦੇ ਮੰਮਾ ਨੂੰ ਅੰਦਰ ਓਪਰੇਸ਼ਨ ਰੂਮ ਚ ਆਉਣ ਨੂੰ ਕਿਹਾ । ਕੁਲਵਿੰਦਰ ਕੌਰ ਅਰਸ਼ ਨੂੰ ਅਪਣਾ ਦੁਪੱਟਾ ਫੜਾ ਕੇ ਓਪਰੇਸ਼ਨ ਰੂਮ ਚ ਚੱਲੇ ਗਈ ਅਤੇ ਅਰਸ਼ ਮੁੜ ਆ ਕੇ ਸਿਮਰਨ ਕੋਲ ਬੈਠ ਗਈ ।

ਦੇਖ ਸਿਮਰਨ, ਅਸੀਂ ਜੋ ਗ਼ਲਤੀਆਂ ਕੀਤੀਆਂ ਅਤੇ ਆਪਣੀਆਂ ਗ਼ਲਤੀਆਂ ਤੋਂ ਜੋ

ਸਿੱਖਿਆ ਉਸ ਬਾਰੇ ਤੈਨੂੰ ਆਪਣੀ ਕਹਾਣੀ ਸੁਣਾਉਣ ਦਾ ਮੇਰਾ ਮਕਸਦ ਸੀ, ਤੈਨੂੰ ਸਮਝਾਉਣਾ । ਜੇ ਸਾਡਾ ਰਿਸ਼ਤਾ ਟੁੱਟਣ ਚ ਸ਼ਰਨ ਅਤੇ ਉਸਦੇ ਭੈਣ ਭਰਾ ਜਿੰਮੇਵਾਰ ਸਨ ਤਾਂ ਕੀਤੇ ਨਾ ਕੀਤੇ ਮੈਂ ਵੀ ਜਿੰਮੇਵਾਰ । ਜੇ ਮੈਂ ਕਹਾਂ ਕਿ ਮੇਰੀ ਕੋਈ ਗਲਤੀ ਨਹੀਂ ਸੀ ਤਾਂ ਇਹ ਮੇਰੀ ਬੇਵਕੂਫੀ ਹੋਵੇਗੀ ।

ਕਈ ਵਾਰ ਅਸੀਂ ਇੱਕ ਛੋਟੀ ਜਹੀ ਗ਼ਲਤੀਫ਼ਹਿਮੀ ਪਾਲ ਕੇ ਇੱਕ ਖੂਬਸੂਰਤ ਰਿਸ਼ਤੇ ਨੂੰ ਖਰਾਬ ਕਰ ਦਿੰਦੇ ਹਾਂ । ਗੁੱਸਾ ਰਿਸ਼ਤੇ ਖ਼ਰਾਬ ਕਰਦਾ ਹੈਂ, ਕਦੇ ਸੁਧਾਰਦਾ ਨਹੀਂ । ਤੂੰ ਹੀ ਦੇਖ ਮੇਰੇ ਅਤੇ ਸ਼ਰਨ ਦੇ ਇੱਕ ਪਲ ਦੇ ਗੁੱਸੇ ਨੇ ਸਾਨੂੰ ਕਿਸ ਦਰਦ ਚੋਂ ਲੰਘਇਆ । ਜੇ ਅਸੀਂ ਗੁੱਸੇ ਚ ਆ ਕੇ ਰਿਸ਼ਤਾ ਨਾ ਤੋੜਦੇ ਤਾਂ ਸਾਨੂੰ ਕਦੇ ਵੀ ਇਹ ਦਰਦ ਭਰੇ ਲਮਹੇ ਸਹਿਣਾ ਹੀ ਨਹੀਂ ਸੀ ਪੈਣੇ ।

ਇਸ ਲਈ ਜਿਨ੍ਹਾਂ ਮਰਜੀ ਗੁੱਸਾ ਕਿਉਂ ਚੜਿਆ ਹੋਵੇ । ਕੁੱਝ ਪਲ ਜਾਂ ਕੁੱਝ ਦਿਨ ਆਪਣੇ ਆਪ ਨੂੰ ਦਵੋ ਸੋਚਣ ਲਈ ਅਤੇ ਆਪਣੇ ਗੁੱਸੇ ਨੂੰ ਸ਼ਾਂਤ ਹੋਣ ਲਈ । ਜਦੋਂ ਗੁੱਸਾ ਸ਼ਾਂਤ ਹੋ ਜਾਵੇਗਾ ਤਾਂ ਹੀ ਤੁਸੀਂ ਆਪਣੇ ਦਿਮਾਗ ਤੋਂ ਸਹੀ ਫੈਸਲਾ ਲੈ ਸਕੋਗੇ ਕਿਉਂਕਿ ਇੱਕ ਮਿੰਟ ਦੇ ਗੁੱਸੇ ਚ ਸਾਨੂੰ ਫਿਰ ਕਿਸੇ ਦਾ ਪਿਆਰ ਨਹੀਂ ਬੱਸ ਉਸਦੀਆਂ ਕਮੀਆਂ ਹੀ ਦਿਸਦੀਆਂ ਹਾਂ । ਸਭ ਤੋਂ ਜਰੂਰੀ ਗੱਲ ਕਦੇ ਵੀ ਕਿਸੇ ਤੀਜੇ ਇਨਸਾਨ ਨੂੰ ਆਪਣੇ ਰਿਸ਼ਤੇ ਚ ਕਦੇ ਨਾ ਆਉਣ ਦਇਓ ਕਿਉਂਕਿ ਤੀਜਾ ਬੰਦਾ ਰਿਸ਼ਤਾ ਜੋੜਨ ਲਈ ਘੱਟ ਤੋੜਨ ਲਈ ਜਿਆਦਾ ਭੂਮਿਕਾ ਨਿਭਾਉਂਦਾ ਹੈ। ਤੀਜੇ ਇਨਸਾਨ ਨੂੰ ਨਹੀਂ ਪਤਾ ਹੁੰਦਾ ਦੋ ਇਨਸਾਨਾਂ ਚ ਕੀ ਗੱਲ ਹੋਈ ਉਹ ਬੱਸ ਉਸ ਪਾਸੇ ਦੀ ਹਾਮੀ ਭਰੂ ਜਿਸ ਨਾਲ ਉਸਦਾ ਖੂਨ ਦਾ ਰਿਸ਼ਤਾ ਹੈ ਭਾਵੇਂ ਉਸਦੀ ਗਲਤੀ ਕਿੰਨੀ ਵੀ ਹੋਵੇ।

ਪਰ ਜੇ ਸੋਚਿਆ ਜਾਵੇ ਤਾਂ ਅੱਜ ਦੇ ਸਮੇ ਚ ਸਰਵਗੁਣ ਸੰਪੰਨ ਕੋਈ ਵੀ ਨਹੀਂ । ਭਾਵੇਂ ਮੈਂ ਹੋਵਾਂ ਅਤੇ ਭਾਵੇਂ ਤੂੰ । ਕਮੀਆਂ ਸਭ ਚ ਨੇ । ਪਰ ਦਿਸਦੀਆਂ ਸਾਨੂੰ ਦੂਜਿਆਂ ਦੀਆਂ ਹੀ ਨੇ, ਆਪਣੀਆਂ ਨਹੀਂ । ਇਸ ਲਈ ਕੁੱਝ ਵੀ ਆਪਣੇ ਰਿਸ਼ਤੇ ਬਾਰੇ ਫੈਸਲਾ ਲੈਣਾ ਹੋਇਆ ਤਾਂ ਸੋਚ ਸਮਝ ਕੇ ਹਰ ਤੱਥ ਉਤੇ ਵਿਚਾਰ ਕਰਕੇ ਲਵੀ ਕਿਉਂਕਿ ਮੈਂ ਨਹੀਂ ਚਾਹੁੰਦੀ ਮੇਰੇ ਵਾਂਗ ਤੈਨੂੰ ਵੀ ਵਿਛੜਨ ਦੀ ਤਕਲੀਫ ਚੋਂ ਲੰਘਣਾ ਪਵੇ । ਨਾਲ਼ੇ ਇੱਕ ਹੋਰ ਗਲ ਰਿਸ਼ਤਿਆਂ ਚ ਬੈਲੰਸ ਹੋਣਾ ਬਹੁਤ ਜਰੂਰੀ ਹੈ ਮੁੰਡੇ ਵੱਲੋ ਅਤੇ ਕੁੜੀ ਵੱਲੋ ਵੀ। ਜੋ ਇਨਸਾਨ ਰਿਸ਼ਤਿਆਂ ਚ ਬੈਲੰਸ ਨਹੀਂ ਕਰ ਪਾਉਂਦਾ ਉਹ ਰਿਸ਼ਤੇ ਖਰਾਬ ਕਰ ਲੈਂਦਾ ਹੈ।

ਇਨ੍ਹੇ ਨੂੰ ਅਰਸ਼ ਦੇ ਮੰਮੀ ਓਪਰੇਸ਼ਨ ਕਰਾ ਰੂਮ ਚੋਂ ਬਾਹਰ ਆ ਗਏ ਅਤੇ ਨਰਸ ਨੇ

ਅਰਸ਼ ਨੂੰ ਅਵਾਜ ਲਗਾ ਕੇ ਆਪਣੇ ਕੋਲ ਬੁਲਾ ਕੇ ਆਈ ਡਰੋਪ ਪਾਉਣ ਦੇ ਸਮੇ ਬਾਰੇ ਸਮਝਾਉਣ ਲੱਗੀ । ਆਪਣੀ ਮੰਮੀ ਦੀਆਂ ਦਿਵਾਈ ਅਤੇ eye drop ਪਾਉਣ ਬਾਰੇ ਸਮਝ ਕੇ ਅਰਸ਼ ਨੇ ਆਪਣੀ ਮੰਮੀ ਨੂੰ ਕੁਰਸੀ ਤੇ ਬਿਠਾ ਕੇ ਦੁਪੱਟਾ ਫੜਾਇਆ ਅਤੇ ਆਪ ਆਪਣੇ ਭਰਾ ਨੂੰ ਫੋਨ ਕਰਕੇ ਗੱਡੀ ਹੌਸਪੀਟਲ ਦੇ ਗੇਟ ਕੋਲ ਲੈ ਕੇ ਆਉਣ ਨੂੰ ਕਿਹਾ ।

ਚੰਗਾ ਸਿਮਰਨ! ਮੈਂ ਚਲਦੀ ਆ । ਵਾਹਿਗੁਰੂ ਨੇ ਮਿਲਾਇਆ ਤਾਂ ਫਿਰ ਮਿਲਾਂਗੇ, ਕਹਿ ਅਰਸ਼ ਜਾਣ ਲੱਗੀ ਹੀ ਸੀ ਕਿ ਸਿਮਰਨ ਨੇ ਅਵਾਜ ਲਗਾਈ । ਅਰਸ਼ ਜੇ ਬੁਰਾ ਨਾ ਲੱਗੇ ਤਾਂ ਕੀ ਤੁਸੀਂ ਮੈਨੂੰ ਆਪਣਾ ਫੋਨ ਨੰਬਰ ਦੇ ਸਕਦੇ ਹੋ ।

ਜਰੂਰ ਜੀ, ਦੱਸੋ ਆਪਣਾ ਨੰਬਰ ਮੈਂ ਵਟਸਅੱਪ ਤੇ ਮੈਸਜ ਭੇਜ ਦਿੰਦੀ ਆ", ਕਹਿ ਅਰਸ਼ ਨੇ ਪਰਸ ਚੋਂ ਫੋਨ ਕੱਢ ਸਿਮਰਨ ਦਾ ਨੰਬਰ ਸੇਵ ਕਰਨ ਹੀ ਲੱਗੀ ਸੀ ਕਿ ਇਨ੍ਹੇ ਨੂੰ ਗੁਰਜੀਤ ਦਾ ਫੋਨ ਆ ਗਿਆ ਕਿ ਮੈਂ ਬਾਹਰ ਆ ਗਿਆ । ਜਲਦੀ ਆ ਜਾਓ । ਉੱਧਰ ਨਰਸ ਵੀ ਸਿਮਰਨ ਦੀ ਦਾਦੀ ਦਾ ਨਾਮ ਦੀ ਅਵਾਜ ਮਾਰ ਕੇ ਉਨ੍ਹਾਂ ਨੂੰ ਓਪਰੇਸ਼ਨ ਕਮਰੇ ਚ ਆਉਣ ਲਈ ਬੁਲਾਉਂਦੀ ਹੈਂ । ਜਲਦੀ ਦੋਨੋ ਇੱਕ ਦੂਜੇ ਨੂੰ ਬਾਏ ਬੋਲ  ਕੇ ਸਿਮਰਨ ਆਪਣੀ ਦਾਦੀ ਕੋਲ ਚੱਲੇ ਜਾਂਦੀ ਹੈਂ ਅਤੇ ਅਰਸ਼ ਆਪਣੀ ਮੰਮੀ ਨੂੰ ਲੈ ਕੇ ਹੌਸਪੀਟਲ ਤੋਂ ਬਾਹਰ ਨਿੱਕਲ ਗੱਡੀ ਚ ਬੈਠ ਕੇ ਘਰ ਲਈ ਰਵਾਨਾ ਹੋ ਜਾਂਦੀ ਹੈਂ ।

## ✿✿ ਸਮਾਪਤ ✿✿

Instagram Taqdir_kaur_bajwa

E-mail ID : Taqdirkaur75@gmail.com

www.punjabilibrary.com